# ਪੰਜਾਬ ਰਾਜ ਬਿਜਲੀ ਬੋਰਡ

ਦਫਤਰ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਭਾਗ

ਵੱਲ

1. ਸਾਰੇ ਇੰਜੀਨੀਅਰ- ਇਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ ।
2. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਸਾਰੇ ਡਾਇਰੈਕਟਰਜ/ਡਿਪਟੀ ਡਾਇਰੈਕਟਰਜ਼ ।
3. ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਆਰ. ਈਜ਼ :
4. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ ਅਤੇ ਲੇਖਾ ਅਫਸਰ ਫੀਲਡਜ/ ਸਾਰੇ ਲੇਖਾ ਅਫਸਰ ਪ੍ਰਿਆਡਿਟ ।
5. ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ/ਨਿੱਜੀ ਸਕੱਤਰ
6. ਸਾਰੇ ਹੈਡ ਆਫ ਦੀ ਸੈਕਸ਼ਨਜ਼ (H.O) ਅਤੇ ਸੁਪਰਡੈਂਟ ਮੰਡਲ ਲੇਖਾ (ਫੀਲਡ)

ਪੱਤਰ ਨੰ 11283/13332/ਪੈਨਸ਼ਨ ਆਡਿਟ/ਲੂਜ ਮਿਤੀ 29-09-2006

**ਵਿਸ਼ਾ : ਪੀ ਪੀ ਓਜ ਨੂੰ ਇਕ ਦਫਤਰ ਤੋਂ ਦੂਸਰੇ ਦਫਤਰ ਤਬਦੀਲ ਕਰਨ ਬਾਰੇ ਅਤੇ ਇਕ ਪੈਨਸ਼ਨਰ ਨੂੰ ਇਕ ਹੀ ਪੀ ਪੀ ਓ ਜਾਰੀ ਕਰਨ ਬਾਰੇ ।**

ਜਿਸ ਸਮੇਂ ਕੋਈ ਵੀ ਪੈਨਸ਼ਨਰ ਆਪਣਾ ਪੀ ਪੀ ਓ ਸਬੰਧਤ ਦਫਤਰ ਤੋਂ ਕਿਸੇ ਦੂਸਰੇ ਦਫਤਰ ਵਿੱਚ ਤਬਦੀਲ ਕਰਵਾਉਣ ਲਈ ਬਿਨੈ ਪੱਤਰ ਦਿੰਦਾ ਹੈ ਤਾਂ ਸਬੰਧਤ ਡੀ ਡੀ ਓ, ਪੀ ਪੀ ਓ ਦੀ ਆਪਣੇ ਦਫਤਰ ਵਿਚ ਮੌਜੂਦ ਕਾਪੀ ਉਪਰ ਅੰਤਿਮ ਅਦਾਇਗੀ ਸਬੰਧੀ ਸਰਟੀਫਿਕੇਟ ਦੇਵੇ ਕਿ ਇਸ ਰਿਟਾਇਰੀ ਨੂੰ ਇਸ ਮਿਤੀ ਤੱਕ ਪੈਨਸ਼ਨ ਅਦਾਇਗੀ ਨਿਮਨਲਿਖਤ ਵੇਰਵੇ ਅਨੁਸਾਰ ਕੀਤੀ ਗਈ ਹੈ । ਇਹ ਵੇਰਵਾ ਵੀ ਐਲ ਪੀ ਸੀ ਦੀ ਤਰ੍ਹਾਂ ਮੂਲ ਪੈਨਸ਼ਨ, ਡੀ ਪੀ, ਡੀ ਏ, ਮੈਡੀਕਲ ਭੱਤਾ ਅਤੇ ਅਦਾ ਕੀਤਾ ਗਿਆ ਐਲ. ਟੀ. ਸੀ. ਦਰਸਾਉਂਦਾ ਹੋਣਾ ਚਾਹੀਦਾ ਹੈ । ਇਸ ਪੈਨਸ਼ਨ ਵਿਚੋਂ ਕੀਤੀ ਜਾਣ ਵਾਲੀਆਂ ਮਹੀਨਾਵਾਰ ਕਟੌਤੀਆਂ ਦਾ ਵੇਰਵਾ ਜਿਵੇ ਕਿ ਪੈਨਸ਼ਨ ਕਮਿਉਟੇਸ਼ਨ ਦੀ ਕਿਸ਼ਤ ( ਇਸ ਦੀ ਕੀਤੀ ਅਦਾਇਗੀ ਦਾ ਵਾਊਚਰ ਨੰ ਅਤੇ ਮਿਤੀ, ਜੇ ਹੋ ਸਕੇ ਤਾਂ ਅਸਲ ਵਾਊਚਰ ਦੀ ਫੋਟੋ ਕਾਪੀ ਨਾਲ ਨੱਥੀ ਕੀਤੀ ਜਾਣੀ ਚਾਹੀਦੀ ਹੈ ) ਜਾਂ ਫਿਰ ਕੋਈ ਹੋਰ ਕਟੌਤੀ ਜੋ ਉਸ ਪਾਸੋਂ ਕੀਤੀ ਜਾ ਰਹੀ ਹੋਵੇ ਦਾ ਪੂਰਾ ਪੂਰਾ ਵੇਰਵਾ ਦੇਣ ਉਪਰੰਤ ਆਪਣੀ ਮੋਹਰ ਸਮੇਤ ਹਸਤਾਖਰ ਕਰੇ । ਜੇ ਕਰ ਪੈਨਸ਼ਨਰ ਨੂੰ ਕੋਈ ਪਹਿਚਾਨ ਪੱਤਰ ਉਸ ਵਲੋਂ ਜਾਰੀ ਕੀਤਾ ਗਿਆ ਹੈ ਤਾਂ ਉਹ ਵਾਪਿਸ ਹਾਸਿਲ ਕਰਨ ਉਪਰੰਤ ਲੋੜੀਂਦਾ ਸਰਟੀਫਿਕੇਟ ਵੀ ਇਸ ਸਬੰਧ ਵਿਚ ਰਿਕਾਰਡ ਕਰੇ ਤਾਂ ਜੋ ਦੂਸਰੇ ਦਫਤਰ ਵਿੱਚ ਸਬੰਧਤ ਪੈਨਸ਼ਨਰ ਨੂੰ ਪਹਿਚਾਨ ਪੱਤਰ ਜਾਰੀ ਕੀਤਾ ਜਾ ਸਕੇ ।

ਉਪਰੋਕਤ ਕਾਰਵਾਈ ਕਰਨ ਉਪਰੰਤ ਪੈਨਸ਼ਨਰ ਦਾ ਬਿਨੈ ਪਤਰ ਨਾਲ ਅਸਲ ਪੀ ਪੀ ਓ ਇਸ ਦਫਤਰ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਵੇ । ਇਹ ਪੱਤਰ ਇਸ ਦਫਤਰ ਵਿੱਚ ਪ੍ਰਾਪਤ ਹੋਣ ਉਪਰੰਤ ਇਸ ਦਫਤਰ ਦੇ ਰਿਕਾਰਡ ਵਿੱਚ ਅਤੇ ਕੰਮਪਿਊਟਰ ਡਾਟਾ ਵਿੱਚ ਲੋੜੀਂਦੀ ਸੋਧ ਕਰ ਕੇ ਇਹ ਪੀ ਪੀ ਓ ਮੂਲ ਰੂਪ ਵਿਚ ਜਿਸ ਦਫਤਰ ਵਿਚੋਂ ਪੈਨਸ਼ਨ ਹਾਸਿਲ ਕਰਨ ਲਈ ਪੈਨਸ਼ਨਰ ਨੇ ਅਪਣਾ ਬਿਨੈ ਪਤਰ ਦਿਤਾ ਹੈ ਨੂੰ ਭੇਜ ਦਿੱਤਾ ਜਾਵੇਗਾ ।

ਪੀ ਪੀ ਓ ਦੇ ਇਕ ਬਾਰ ਟਰਾਂਸਫਰ ਹੋ ਜਾਣ ਤੇ ਉਸ ਪੈਨਸ਼ਨਰ ਨੂੰ ਜੇ ਕਰ ਕੋਈ ਡੀ ਆਰ ਦਾ ਬਕਾਇਆ ਜਾਂ ਕਿਸੇ ਕਿਸਮ ਦੀ ਰਵੀਜਨ ਦਾ ਬਕਾਇਆ ਦਿਤਾ ਜਾਣਾ ਹੈ ਤਾਂ ਉਸ ਦੀ ਅਦਾਇਗੀ ਪਰੈਂਜਟ

ਡੀ ਡੀ ਓ ਵਲੋਂ ਕੀਤੀ ਜਾਵੇਗੀ । ਪੁਰਾਣੇ ਡੀ ਡੀ ਓ ਵਲੋਂ ਇਕ ਬਾਰ ਤਬਦੀਲ ਹੋਏ ਪੀ ਪੀ ਓ ਵਿਰੁੱਧ ਕੋਈ ਵੀ ਅਦਾਇਗੀ ਨਹੀਂ ਕੀਤੀ ਜਾਵੇਗੀ । ਇਹਨਾਂ ਹਦਾਇਤਾਂ ਦੀ ਸਖਤੀ ਨਾਲ ਪਾਲਣਾਂ ਕੀਤੀ ਜਾਵੇ ਤਾਂ ਜ਼ੋ ਕੋਈ ਵੀ ਵਾਧੂ ਅਦਾਇਗੀ ਕਿਸੇ ਪੈਨਸ਼ਨਰ ਨੂੰ ਨਾ ਹੋ ਸਕੇ ।

ਹਰ ਇਕ ਪੈਨਸ਼ਨਰ ਨੂੰ ਇਕ ਹੀ ਵਾਰ ਪੀ ਪੀ ਓ ਜਾਰੀ ਕੀਤਾ ਜਾਵੇਗਾ ਇਸ ਲਈ ਇਸ ਪੀ ਪੀ ਓ ਦੀ ਵੱਧ ਤੋ ਵੱਧ ਅਤੇ ਚੰਗੀ ਤਰਾਂ ਸਾਂਭ ਸੰਭਾਲ ਰੱਖਣੀ ਬਹੁਤ ਜਰੂਰੀ ਹੈ । ਰਿਵਾਈਜਡ ਪੀ ਪੀ ਓ ਕਿਸੇ ਵਿਸ਼ੇਸ ਕਾਰਨਾਂ ਕਰਕੇ ਹੀ ਜਾਰੀ ਕੀਤੇ ਜਾਣਗੇ ਜਿੰਵੇ ਕਿ ਪੈਨਸ਼ਨ ਰਵੀਜਨ, ਜਾਂ ਮੂਲ ਪੈਨਸ਼ਨ ਵਿੱਚ ਤਬਦੀਲੀ ਹੋਵੇ, ਜਾਂ ਫਿਰ ਪਰਿਵਾਰਿਕ ਪੈਨਸ਼ਨ ਦੇ ਕੇਸ ਵਿਚ ਵੱਡੇ ਬੱਚੇ ਦਾ ਪੈਨਸ਼ਨ ਲੈਣ ਲਈ ਹੱਕ ਸਮਾਪਤ ਹੋ ਜਾਣ ਤੇ ਇਹ ਹਕੂਕ ਉਸ ਦੇ ਛੋਟੇ ਭੈਣ ਜਾ ਭਰਾ ਦੇ ਨਾਂ ਤਬਦੀਲ ਕਰਨਾਂ ਹੋਵੇ, ਜਾਂ ਫਿਰ ਨਬਾਲਗ ਬੱਚੇ ਦੇ ਬਾਲਗ ਹੋ ਜਾਣ ਦੀ ਸੂਰਤ ਵਿਚ ਸਰਪ੍ਰਸਤ ਦੀ ਥਾਂ ਉਸ ਦੇ ਅਪਣੇ ਨਾਂ ਹੇਠ ਜਾਰੀ ਕਰਨਾਂ ਹੋਵੇ ।

2 **ਇਕ ਪੈਨਸ਼ਨਰ ਨੂੰ ਇਕ ਹੀ ਪੀ ਪੀ ਓ ਜਾਰੀ ਕਰਨਾਂ :**

ਸਕੱਤਰ ਪੈਨਸ਼ਨ ਭਾਗ / ਇਸ ਦਫਤਰ ਨੂੰ ਪੈਨਸ਼ਨ ਕੇਸ ਭੇਜ਼ ਦੇ ਸਮੇਂ ਇਹ ਯਕੀਨੀ ਬਣਾਇਆ ਜਾਵੇ ਕਿ ਜਿਸ ਅਧਿਕਾਰੀ / ਕਰਮਚਾਰੀ ਦਾ ਪੈਨਸ਼ਨ ਕੇਸ ਇਸ ਦਫਤਰ ਨੂੰ ਭੇਜਿਆ ਜਾ ਰਿਹਾ ਹੈ ਉਹ ਬੋਰਡ ਵਿਚੋਂ ਕੋਈ ਪਹਿਲਾਂ ਪੈਨਸ਼ਨ ਤਾਂ ਹਾਸਿਲ ਨਹੀਂ ਕਰ ਰਹੀ / ਰਿਹਾ ਹੈ । ਜੇ ਕਰ ਬਿਨੈਕਾਰ ਪਹਿਲਾਂ ਕਿਸੇ ਤਰ੍ਹਾਂ ਦੀ ਪੈਨਸ਼ਨ ਲੈ ਰਿਹਾ ਹੈ ਤਾਂ ਉਸ ਦਾ ਪਹਿਲਾ ਜਾਰੀ ਪੀ ਪੀ ਓ ਪੈਨਸ਼ਨ ਪੇਪਰ ਦੇ ਨਾਲ ਕੀਤੀ ਅੰਤਿਮ ਅਦਾਇਗੀ ਦਾ ਵੇਰਵਾਂ ਦੇ ਕੇ ਇਸ ਦਫਤਰ ਨੂੰ ਵਾਪਿਸ ਭੇਜਿਆ ਜਾਵੇ ਤਾਂ ਜ਼ੋ ਦੋਨਾਂ ਹੀ ਪੈਨਸ਼ਨਾਂ ਨੂੰ ਇੱਕਠਾ ਕਰਕੇ ਇਕ ਪੀ ਪੀ ਓ ਜਾਰੀ ਕੀਤਾ ਜਾ ਸਕੇ ।

ਇਹ ਹਦਾਇਤਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾਂਦੀਆਂ ਹਨ । ਇਹਨਾਂ ਦੀ ਪਾਲਣਾਂ ਯਕੀਨੀ ਬਣਾਈ ਜਾਵੇ ।

21/9/08

(ਹਰਦੀਪ ਸਿੰਘ)
ਉਪ ਮੁੱਖ ਲੇਖਾ ਅਫਸਰ / ਪੈਂਨਸ਼ਨ ਅਤੇ ਫੰਡਜ,
ਵਾਸਤੇ ਮੁਖ ਲੇਖਾ ਅਫਸਰ, ਪੀ ਐਸ ਈ ਬੀ, ਪਟਿਆਲਾ

# ਪੰਜਾਬ ਰਾਜ ਬਿਜਲੀ ਬੋਰਡ

**ਦਫਤਰ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਭਾਗ**

ਵੱਲ

1. ਸਾਰੇ ਇੰਜੀਨੀਅਰ- ਇਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ।
2. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਸਾਰੇ ਡਾਇਰੈਕਟਰਜ਼/ਡਿਪਟੀ ਡਾਇਰੈਕਟਰਜ਼।
3. ਸਾਰੇ ਵਧੀਕ ਨਿਗਰਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਆਰ. ਈਜ਼ :
4. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ ਅਤੇ ਲੇਖਾ ਅਫਸਰ ਫੀਲਡਜ਼/ ਸਾਰੇ ਲੇਖਾ ਅਫਸਰ ਪ੍ਰਿਆਡਿਟ।
5. ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ/ਨਿੱਜੀ ਸਕੱਤਰ
6. ਸਾਰੇ ਹੈਡ ਆਫ ਦੀ ਸੈਕਸ਼ਨਜ਼ (H.O) ਅਤੇ ਸੁਪਰਡੈਂਟ ਮੰਡਲ ਲੇਖਾ (ਫੀਲਡ)

ਪੱਤਰ ਨੰ 12661/14161/ਪੈਨਸਨ ਆਡਿਟ/ਲੂਜ਼ ਮਿਤੀ 05-12-2006

**ਵਿਸ਼ਾ : ਪੈਨਸ਼ਨ ਇਨਫਰਮੇਸ਼ਨ ਸਿਸਟਮ ਸਾਫਟਵੇਅਰ ਦੀ ਵਰਤੋਂ ਸਬੰਧੀ (ਪੈਨਸ਼ਨ ਕਮਿਊਟੇਸ਼ਨ ਦੀ ਰੀਸਟੋਰੇਸ਼ਨ ਦੀ ਮਿਤੀ ਭਰਨ ਬਾਰੇ)**

ਅਲੱਗ ਅਲੱਗ ਦਫਤਰਾਂ ਵਲੋਂ ਇਹ ਪੁੱਛਿਆ ਜਾ ਰਿਹਾ ਹੈ ਕਿ ਨਵੇਂ ਲਾਗੂ ਕੀਤੇ ਗਏ ਪੈਨਸ਼ਨ ਇਨਫਰਮੇਸ਼ਨ ਸਿਸਟਮ ਸੌਫਟਵੇਅਰ ਵਿਚ ਪੈਨਸ਼ਨ ਕਮਿਊਟੇਸ਼ਨ ਨੂੰ ਰੀਸਟੋਰ ਕਰਨ ਦੀ ਮਿਤੀ ਕਿਸ ਤਰ੍ਹਾਂ ਭਰਨੀ ਹੈ। ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਵੀ ਰਿਟਾਇਰੀ ਪੈਨਸ਼ਨ ਕਮਿਊਟ ਕਰਵਾਉਂਦਾ ਹੈ ਸਬੰਧਤ ਫਾਰਮੇਟ ਵਿਚ ਸਭ ਤੋਂ ਪਹਿਲਾਂ ਕਮਿਊਟੇਸ਼ਨ ਦੀ ਤਾਰੀਖ ਭਰੋ, ਫਿਰ ਪ੍ਰਤੀ ਮਹੀਨਾਂ ਕਮਿਊਟੇਸ਼ਨ ਦੀ ਕਟੌਤੀ ਦੀ ਰਕਮ ਭਰੋ, ਇਸ ਤੋਂ ਬਾਦ ਆਖਰੀ ਕਟੌਤੀ ਦੀ ਰਕਮ ਭਰੀ ਜਾਵੇ, ਜਿਹੜੀ ਕਿ ਹਰ ਮਹੀਨੇਂ ਵਾਲੀ ਹੀ ਕਟੌਤੀ ਦੀ ਰਕਮ ਹੈ। ਪਹਿਲੇ ਮਹੀਨੇਂ ਵਿੱਚ ਕਟੌਤੀ ਦੀ ਰਕਮ ਦੀ ਜਗ੍ਹਾ ਪੂਰੀ ਕਿਸ਼ਤ ਨਹੀਂ ਭਰੀ ਜਾਣੀ ਚਾਹੀਦੀ ਸਗੋਂ ਦਿਨਾਂ ਦੇ ਹਿਸਾਬ ਨਾਲ ਬਣਦੀ ਪਰੋਰੇਟਾ ਵੇਸ ਤੇ ਕਟੌਤੀ ਦੀ ਰਕਮ ਭਰਨੀ ਚਾਹੀਦੀ ਹੈ। ਉਦਾਹਰਣ ਵਜੋਂ ਕਿਸੇ ਰਿਟਾਈਰੀ ਨੂੰ ਪੈਨਸ਼ਨ ਕਮਿਊਟੇਸ਼ਨ ਦਾ ਚੈਕ ਪਹਿਲੀ ਤਾਰੀਖ ਨੂੰ ਦਿਤਾ ਗਿਆ ਹੈ ਤਾਂ ਪੂਰੀ ਕਿਸ਼ਤ ਕੱਟੀ ਜਾਣੀ ਬਣਦੀ ਹੈ। ਪਰ ਜੇ ਇਹੀ ਚੈਕ ਮਹੀਨੇ ਦੀ 10 ਤਾਰੀਖ ਨੂੰ ਦਿਤਾ ਗਿਆ ਹੈ ਤਾਂ ਕਿਸ਼ਤ ਦਾ 2/3 ਹਿਸਾ ਹੀ ਪਹਿਲੇ ਮਹੀਨੇ ਕੱਟਿਆ ਜਾਣਾ ਬਣਦਾ ਹੈ। ਇਸੇ ਤਰਾਂ 16 ਤਾਰੀਖ ਨੂੰ ਕੀਤੀ ਗਈ ਅਦਾਇਗੀ ਤੇ ਪਹਿਲੇ ਮਹੀਨੇ 1/2 ਹਿਸਾ ਹੀ ਕਿਸ਼ਤ ਦਾ ਕੱਟਿਆ ਜਾਣਾ ਚਹੀਦਾ ਹੈ।

**ਕਮਿਊਟੇਸ਼ਨ ਰੀਸਟੋਰ ਕਰਨ ਦੀ ਤਾਰੀਖ ਨੂੰ ਕੱਢਣ ਲਈ ਹੇਠ ਲਿਖਿਆ ਤਰੀਕਾ ਅਪਣਾਇਆ ਜਾਣਾ ਚਾਹੀਦਾ ਹੈ।**

1) 1 ਜਨਵਰੀ 1996 ਨੂੰ ਜਾਂ ਉਸ ਤੋਂ ਬਾਅਦ ਰਿਟਾਇਰ ਹੋਏ ਪੈਨਸ਼ਨਰ ਦੀ ਪੈਨਸ਼ਨ ਕਮਿਊਟੇਸ਼ਨ ਦੀ ਰੀਸਟੋਰੇਸ਼ਨ ਅਦਾਇਗੀ ਦੀ ਮਿਤੀ ਤੋਂ 15 ਸਾਲ ਬਾਦ ਕੀਤੀ ਜਾਣੀ ਬਣਦੀ ਹੈ। ਜਿਸ ਰਿਟਾਇਰੀ ਨੂੰ 16 ਜਨਵਰੀ 1996 ਨੂੰ ਕਮਿਊਟੇਸ਼ਨ ਦੀ ਅਦਾਇਗੀ ਕੀਤੀ ਗਈ ਹੈ ਉਸ ਦੇ 15 ਸਾਲ, 15 ਜਨਵਰੀ 2011 ਨੂੰ ਪੂਰੇ ਹੋ ਜਾਂਦੇ ਹਨ, ਸਬੰਧਤ ਕਾਲਮ ਵਿਚ ਇਹ ਮਿਤੀ ਭਰਨ ਨਾਲ ਕੰਮਪਿਊਟਰ ਉਸ ਰਿਟਾਇਰੀ ਨੂੰ 1 ਫਰਵਰੀ 2011 ਤੋਂ ਆਪਣੇ ਆਪ ਹੀ ਪੂਰੀ ਪੈਨਸ਼ਨ ਦੀ ਅਦਾਇਗੀ ਕਰ ਦੇਵੇਗਾ।

2) 31 ਦਿਸੰਬਰ 1995 ਤੱਕ ਰਿਟਾਇਰ ਹੋਏ ਪੈਨਸ਼ਨਰਾਂ ਦੀ ਪੈਨਸ਼ਨ ਕਮਿਊਟੇਸ਼ਨ ਰੀਸਟੋਰ ਕਰਨ ਲਈ ਰਿਟਾਇਰੀ ਨੂੰ ਪੈਨਸ਼ਨ ਕਮਿਊਟੇਸ਼ਨ ਅਦਾ ਕਰਨ ਦੀ ਮਿਤੀ ਤੋਂ 11 ਸਾਲ 6 ਮਹੀਨੇਂ ਬਾਦ ਜਾਂ 70 ਸਾਲ ਦੀ ਉਮਰ ਪੂਰੀ ਕਰਨ ਉਪਰੰਤ, ਜਿਹੜੀ ਵੀ ਤਾਰੀਖ ਬਾਅਦ ਵਿੱਚ ਆਵੇ ਨੂੰ ਰੀਸਟੋਰ ਕਰਨੀ ਬਣਦੀ

ਹੈ । ਉਦਾਹਰਣ ਵਜੋਂ ਇਕ ਰਿਟਾਇਰੀ ਜਿਸ ਦੀ ਜਨਮ ਮਿਤੀ 10 ਜਨਵਰੀ 1937 ਹੈ ਅਤੇ ਉਹ 31 ਜਨਵਰੀ 1995 ਨੂੰ ਰਿਟਾਇਰ ਹੋਇਆ ਸੀ । ਉਸ ਨੂੰ ਪੈਨਸ਼ਨ ਕਮਿਊਟੇਸ਼ਨ ਦੀ ਅਦਾਇਗੀ 8 ਦਿਸਬੰਰ 1995 ਨੂੰ ਕੀਤੀ ਗਈ ਸੀ । ਉਸ ਦੀ ਪੈਨਸ਼ਨ ਰੀਸਟੋਰ ਕਰਨ ਲਗਿਆ ਸਭ ਤੋਂ ਪਹਿਲਾਂ 8/12/1995 ਵਿਚ 6 ਮਹੀਨੇਂ 11 ਸਾਲ ਜਮ੍ਹਾਂ ਕਰਨ ਤੇ ਮਿਤੀ ਆਉਂਦੀ ਹੈ 8/6/2007 ਅਤੇ ਉਸ ਦੇ 70 ਸਾਲ 9 /1/2007 ਨੂੰ ਪੂਰੇ ਹੁੰਦੇ ਹਨ । ਇਸ ਕੇਸ ਵਿੱਚ ਪੈਨਸ਼ਨ ਰੀਸਟੋਰ ਕਰਨ ਦੀ ਮਿਤੀ 1/7/2007 ਹੋਵੇਗੀ । ਜੇ ਕਰ ਇਹ ਰਿਟਾਇਰੀ ਅਪਣੀ ਪੈਨਸ਼ਨ 5 /2/1995 ਨੂੰ ਕਮਿਊਟ ਕਰਵਾ ਲੈਂਦਾ ਤਾਂ ਪੈਨਸ਼ਨ ਰੀਸਟੋਰ ਕਰਨ ਦੀ ਮਿਤੀ 5/2/1995 ਜਮ੍ਹਾਂ 11 ਸਾਲ 6 ਮਹੀਨੇਂ 4/8/2006 ਨੂੰ ਪੂਰੇ ਹੁੰਦੇ ਹਨ । ਅਤੇ ਇਸ ਦੇ 70 ਸਾਲ 9 /1/2007 ਨੂੰ ਪੂਰੇ ਹੁੰਦੇ ਹਨ । ਇਸ ਦੀ ਪੈਨਸ਼ਨ ਰੀਸਟੋਰ ਕਰਨ ਦੀ ਮਿਤੀ 1/2/2007 ਹੋਵੇਗੀ ।

3) ਜਿਹੜੇ ਅਧਿਕਾਰੀ / ਕਰਮਚਾਰੀ ਨੇਂ 31 ਦਿਸੰਬਰ 1995 ਜਾਂ ਇਸ ਤੋਂ ਪਹਿਲਾਂ ਪ੍ਰਿਮਿਊਚਰ ਰਿਟਾਇਰਮੈਂਟ ਹਾਸਿਲ ਕੀਤੀ ਹੈ ਉਸ ਦੀ ਪੈਨਸ਼ਨ ਰੀਸਟੋਰ ਕਟੋਤੀ ਦੇ 15 ਸਾਲ ਪੂਰੇ ਹੋਣ ਤੇ ਜਾਂ ਫਿਰ 70 ਸਾਲ ਦੀ ਉਮਰ ਪੂਰੀ ਹੋਣ ਤੇ ਜਿਹੜੀ ਵੀ ਮਿਤੀ ਪਹਿਲਾਂ ਆਉਂਦੀ ਹੈ ਨੂੰ ਰੀਸਟੋਰ ਕਰਨੀ ਬਣਦੀ ਹੈ । ਉਪਰੋਕਤ ਰਿਟਾਇਰੀ ਜਿਸ ਦੀ ਜਨਮ ਮਿਤੀ 10/1/37 ਹੈ ਜੇ ਕਰ 31 ਜਨਵਰੀ 1994 ਨੂੰ ਪ੍ਰੀਮਿਊਚਰ ਰਿਟਾਇਰਮੈਂਟ ਲੈ ਜਾਂਦਾ ਅਤੇ ਅਪਣੀ ਪੈਨਸਨ ਕਮਿਊਟੇਸਨ ਦੀ ਅਦਾਇਗੀ 5 ਫਰਵਰੀ 1994 ਨੂੰ ਹਾਸਿਲ ਕਰ ਲੈਂਦਾ ਹੈ ਤਾਂ ਇਸ ਕੇਸ ਵਿਚ 15 ਸਾਲ, 4 ਫਰਵਰੀ 2009 ਨੂੰ ਪੂਰੇ ਹੁੰਦੇ ਅਤੇ 70 ਸਾਲ 9/1/2007 ਨੂੰ ਪੂਰੇ ਹੁੰਦੇ ਇਸ ਕੇਸ ਵਿੱਚ 70 ਸਾਲ ਪਹਿਲਾਂ ਪੂਰੇ ਹੋ ਜਾਂਦੇ ਹਨ ਇਸ ਲਈ 1/2/2007 ਨੂੰ ਇਸ ਦੀ ਪੈਨਸ਼ਨ ਰੀਸਟੋਰ ਕਰ ਦਿਤੀ ਜਾਣੀ ਬਣਦੀ ਹੈ ।

1 ਜਨਵਰੀ 1996 ਤੋਂ ਬਾਦ ਪ੍ਰਿਮੀਊਚਰ ਰਿਟਾਇਰ ਹੋਣ ਵਾਲੇ ਕੇਸਾਂ ਵਿੱਚ ਰਿਟਾਇਰੀ ਦੀ ਪੈਨਸ਼ਨ, ਆਮ ਕੇਸਾਂ ਦੀ ਤਰ੍ਹਾਂ ਪੈਨਸ਼ਨ ਕਮਿਊਟੇਸ਼ਨ ਦੀ ਅਦਾਇਗੀ ਦੀ ਮਿਤੀ ਤੋਂ 15 ਸਾਲ ਬਾਦ ਹੀ ਰੀਸਟੋਰ ਕੀਤੀ ਜਾਣੀ ਬਣਦੀ ਹੈ ।

ਜਿਹੜੇ ਪੈਨਸ਼ਨਰਜ ਨੂੰ ਪੈਨਸ਼ਨ ਕਮਿਊਟੇਸ਼ਨ ਦੀ ਅਦਾਇਗੀ ਇਕ ਵਾਰੀ ਤੋਂ ਵੱਧ ਬਾਰ ਕੀਤੀ ਗਈ ਹੈ ਉਹਨਾਂ ਪੈਨਸ਼ਨਰਾਂ ਦੀ ਪੈਨਸ਼ਨ ਉਪਰੋਕਤ ਦੱਸੇ ਗਏ ਤਰੀਕੇ ਨਾਲ ਪਹਿਲੀ ਕੀਤੀ ਗਈ ਅਦਾਇਗੀ ਤੋਂ ਹੀ ਰੀਸਟੋਰ ਕਰਨੀ ਹੈ ਕਿਉਂਕਿ ਦੁਬਾਰਾ ਪੈਨਸ਼ਨ ਕਮਿਊਟ ਕਰਦੇ ਸਮੇਂ ਪਹਿਲੀ ਕਿਸ਼ਤ ਅਤੇ ਦੂਜੀ ਕਿਸ਼ਤ ਦੇ ਅੰਤਰ ਦੀ ਕਟੌਤੀ ਕਰ ਲਈ ਜਾਂਦੀ ਹੈ । ਜਿੱਥੇ ਕੋਈ ਅਸ਼ੰਕਾ ਹੋਵੇ ਉਸ ਕੇਸ ਵਿਚ ਇਸ ਦਫਤਰ ਤੋਂ ਸਪਸ਼ਟੀ ਕਰਨ ਲੈ ਲਿਆ ਜਾਵੇ ।

ਇਹ ਹਦਾਇਤਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾਂਦੀਆਂ ਹਨ । ਇਹਨਾਂ ਦੀ ਪਾਲਣਾਂ ਯਕੀਨੀ ਬਣਾਈ ਜਾਵੇ ।

ਉਪ ਮੁੱਖ ਲੇਖਾ ਅਫਸਰ,
ਪੈਨਸ਼ਨ ਅਤੇ ਫੰਡਜ, ਪਟਿਆਲਾ

# ਪੰਜਾਬ ਰਾਜ ਬਿਜਲੀ ਬੋਰਡ

## ਦਫਤਰ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਭਾਗ

ਵੱਲ

1. ਸਾਰੇ ਇੰਜੀਨੀਅਰ- ਇਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ ।
2. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਸਾਰੇ ਡਾਇਰੈਕਟਰਜ਼/ਡਿਪਟੀ ਡਾਇਰੈਕਟਰਜ਼ ।
3. ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਆਰ. ਈਜ਼ :
4. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ ਅਤੇ ਲੇਖਾ ਅਫਸਰ ਫੀਲਡਜ਼/ ਸਾਰੇ ਲੇਖਾ ਅਫਸਰ ਪ੍ਰੀਆਡਿਟ ।
5. ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ/ਨਿੱਜੀ ਸਕੱਤਰ
6. ਸਾਰੇ ਹੈਡ ਆਫ ਦੀ ਸੈਕਸ਼ਨਜ਼ (H.O) ਅਤੇ ਸੁਪਰਡੈਂਟ ਮੰਡਲ ਲੇਖਾ (ਫੀਲਡ)

ਪੱਤਰ ਨੰ 27918/29418/ਪੈਨਸ਼ਨ ਆਡਿਟ/ਲੂਜ਼ ਮਿਤੀ 15-12-2006

**ਵਿਸ਼ਾ ਪੈਨਸ਼ਨਰ ਪਾਸੋਂ ਮੈਡੀਕਲ ਬਿਲਾਂ ਨੂੰ ਪਾਸ ਕਰਨ ਤੋਂ ਪਹਿਲਾਂ ਹਲਫੀਆ ਬਿਆਨ ਦੀ ਮੰਗ ਕਰਨ ਬਾਰੇ।**

ਸਮੂਹ ਪੈਨਸ਼ਨਰ ਜਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਵਲੋਂ ਬੋਰਡ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਜਿਸ ਸਮੇਂ ਕੋਈ ਪੈਨਸ਼ਨਰ ਮੈਡੀਕਲ ਬਿਲ ਕਲੇਮ ਕਰਦਾ ਹੈ ਤਾਂ ਸਬੰਧਤ ਦਫਤਰ ਵਲੋਂ ਉਸ ਪਾਸੋਂ ਹਲਫੀਆ ਬਿਆਨ ਦੀ ਮੰਗ ਕੀਤੀ ਜਾਂਦੀ ਹੈ ਕਿ ਉਸ ਨੇ ਪਹਿਲਾਂ ਇਸ ਬਿਮਾਰੀ ਲਈ ਕੋਈ ਕਲੇਮ ਤਾਂ ਨਹੀਂ ਲਿਆ ਜੇ ਕਰ ਲਿਆ ਹੈ ਤਾਂ ਕਿੰਨੀ ਦੇਰ ਹੋ ਚੁੱਕੀ ਹੈ ਅਤੇ ਉਸ ਨੇ ਕੋਈ ਬੀਮਾ ਪਾਲਸੀ ਤਾਂ ਨਹੀਂ ਲੈ ਰੱਖੀ ਜਾਂ ਕਿਸੇ ਬੀਮਾ ਏਜੰਸੀ ਪਾਸੋਂ ਇਸ ਬਿਮਾਰੀ ਲਈ ਕੋਈ ਕਲੇਮ ਤਾਂ ਨਹੀਂ ਲਿਆ।

ਇਸ ਮਸਲੇ ਨੂੰ ਬੋਰਡ ਵਲੋਂ ਬੜੀ ਗੰਭੀਰਤਾ ਨਾਲ ਲਿਆ ਗਿਆ ਹੈ, ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਭਵਿੱਖ ਵਿੱਚ ਕਿਸੇ ਵੀ ਪੈਨਸ਼ਨਰ ਪਾਸੋਂ ਅਜਿਹੇ ਕਿਸੇ ਹਲਫੀਆ ਬਿਆਨ ਦੀ ਮੰਗ ਨਾ ਕੀਤੀ ਜਾਵੇ । ਇਸ ਦਫਤਰ ਦੇ ਪੱਤਰ ਨੰ: 7730/9130/ਪੈਨਸ਼ਨ ਆਡਿਟ/ਲੂਜ਼ ਮਿਤੀ 5-9-2006 ਰਾਹੀਂ ਇਹ ਫੈਸਲਾ ਲਿਆ ਜਾ ਚੁੱਕਾ ਹੈ ਕਿ ਹਰ ਪੈਨਸ਼ਨਰ ਦਾ ਸਰਵਿਸ ਰਿਕਾਰਡ ਉਸ ਨੂੰ ਪੈਨਸ਼ਨ ਅਦਾਇਗੀ ਕਰਨ ਵਾਲੇ ਅਧਿਕਾਰੀ ਦੇ ਦਫਤਰ ਵਿਚ ਸੁਰੱਖਿਅਤ ਰੱਖਿਆ ਜਾਵੇਗਾ । ਇਸ ਸਬੰਧ ਵਿੱਚ ਇਸ ਦਫਤਰ ਵਲੋਂ ਪੈਨਸ਼ਨਰ ਦਾ ਸਰਵਿਸ ਰਿਕਾਰਡ ਆਪ ਦੇ ਦਫਤਰਾਂ ਨੂੰ ਭੇਜਣਾ ਅਰੰਭਿਆ ਜਾ ਚੁੱਕਾ ਹੈ । ਜੇ ਕਰ ਕਿਸੇ ਪੈਨਸ਼ਨਰ ਦਾ ਮੈਡੀਕਲ ਬਿਲ ਆਪ ਦੇ ਦਫਤਰ ਵਿਚ ਪ੍ਰਾਪਤ ਹੁੰਦਾ ਹੈ ਜਿਸ ਦਾ ਇੰਦਰਾਜ ਸਰਵਿਸ ਰਿਕਾਰਡ ਵਿਚ ਕਰਨਾ ਲੋੜੀਂਦਾ ਹੈ ਅਤੇ ਉਸ ਦਾ ਸਰਵਿਸ ਰਿਕਾਰਡ ਤੁਹਾਡੇ ਦਫਤਰ ਵਿੱਚ ਨਹੀਂ ਪੁੱਜਾ ਤਾਂ ਆਪਣੇ ਦਫਤਰ ਤੋਂ ਸਪੈਸ਼ਲ ਕਰਮਚਾਰੀ ਭੇਜ ਕੇ ਲੋੜੀਂਦਾ ਰਿਕਾਰਡ ਤੁਰੰਤ ਮੰਗਵਾਉਣ ਦਾ ਉਪਰਾਲਾ ਕੀਤਾ ਜਾਵੇ । ਇਸ ਕਾਰਨ ਕਰਕੇ ਕਿਸੇ ਵੀ ਪੈਨਸ਼ਨਰ ਪਾਸੋਂ ਕਿਸੇ ਹਲਫੀਆ ਬਿਆਨ ਦੀ ਮੰਗ ਨਾ ਕੀਤੀ ਜਾਵੇ ।

ਪੈਨਸ਼ਨਰ ਨੇ ਕੋਈ ਬੀਮਾ ਪਾਲਸੀ ਕਰਵਾਈ ਹੈ ਜਾਂ ਨਹੀਂ, ਕਿਸੇ ਬੀਮਾ ਏਜੰਸੀ ਪਾਸੋਂ ਉਸਨੇ ਸਬੰਧਤ ਮੈਡੀਕਲ ਬਿਲ ਦਾ ਕਲੇਮ ਲਿਆ ਹੈ ਜਾਂ ਨਹੀਂ ਸਬੰਧੀ ਜੇ ਜ਼ਰੂਰੀ ਸਮਝਿਆ ਜਾਵੇ ਤਾਂ ਮੈਡੀਕਲ ਰੀਇੰਮਬਰਸਮੈਂਟ ਬਿਲ ਤੇ ਹੀ ਪੈਨਸ਼ਨਰ ਪਾਸੋਂ ਇਹ ਤਸਦੀਕ ਕਰਵਾ ਲਈ ਜਾਵੇ ।

ਇਹਨਾ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ।

ਉਪ ਮੁੱਖ ਲੇਖਾ ਅਫਸਰ
ਪੈਨਸ਼ਨ ਅਤੇ ਫੰਡਜ਼,
ਪੀ ਐਸ ਈ ਬੀ ਪਟਿਆਲਾ

ਸੀਸੀ : ਪ੍ਰਧਾਨ ਅਤੇ ਸਕੱਤਰ ਸਮੂਹ ਪੰਜਾਬ ਰਾਜ ਬਿਜਲੀ ਬੋਰਡ ਪੈਨਸ਼ਨਰਜ਼ ਐਸੋਸੀਏਸ਼ਨਜ਼

# ਪੰਜਾਬ ਰਾਜ ਬਿਜਲੀ ਬੋਰਡ

ਦਫਤਰ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਭਾਗ

ਵੱਲ

1. ਸਾਰੇ ਇੰਜੀਨੀਅਰ- ਇੰਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ।
2. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਸਾਰੇ ਡਾਇਰੈਕਟਰਜ਼/ਡਿਪਟੀ ਡਾਇਰੈਕਟਰਜ਼।
3. ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਆਰ. ਈਜ਼ :
4. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ ਅਤੇ ਲੇਖਾ ਅਫਸਰ ਫੀਲਡਜ਼/ ਸਾਰੇ ਲੇਖਾ ਅਫਸਰ ਪ੍ਰਿਆਡਿਟ।
5. ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ/ਨਿੱਜੀ ਸਕੱਤਰ
6. ਸਾਰੇ ਹੈਡ ਆਫ ਦੀ ਸੈਕਸ਼ਨਜ਼ (H.O) ਅਤੇ ਸੁਪਰਡੈਂਟ ਮੰਡਲ ਲੇਖਾ (ਫੀਲਡ)

ਪੱਤਰ ਨੰ 9745/10790/ਪੈਨਸ਼ਨ ਆਡਿਟ/ਲੂਜ਼ ਮਿਤੀ 14-09-2006

ਵਿਸ਼ਾ : ਬਿਜਲੀ ਬੋਰਡ ਦੇ ਪੈਨਸ਼ਨਰਾਂ ਨੂੰ ਅਦਾਇਗੀ ਕੰਪਿਊਟਰਾਈਜ਼ ਕਰਨ ਸਬੰਧੀ।

ਇਸ ਦਫਤਰ ਵਲੋਂ ਉਹਨਾਂ ਸਾਰੇ ਦਫਤਰਾਂ ਵਿੱਚ ਜਿਹਨਾਂ ਰਾਹੀਂ ਪੈਨਸ਼ਨਰਜ ਨੂੰ ਪੈਨਸ਼ਨ ਦਾ ਭੁਗਤਾਨ ਕੀਤਾ ਜਾਂਦਾ ਹੈ ਭੁਗਤਾਨ ਸਬੰਧੀ ਇਕ ਸਾਰ ਸਿਸਟਿਮ ਲਾਗੂ ਕਰਨ ਹਿੱਤ ਇਕ ਸੌਫਟਵੇਅਰ ਜਿਸ ਦਾ ਨਾਮ ਪੈਨਸ਼ਨ ਇਨਫਰਮੇਸ਼ਨ ਸਿਸਟਮ ਹੈ ਤਿਆਰ ਕੀਤਾ ਗਿਆ ਹੈ । ਇਸ ਸੋਫਟਵੇਅਰ ਰਾਹੀਂ ਭੁਗਤਾਨ ਵਿੱਧੀ ਲਾਗੂ ਹੋ ਜਾਣ ਨਾਲ ਘੱਟ ਤੋਂ ਘੱਟ ਸਮੇਂ ਵਿੱਚ ਵੱਧ ਤੋਂ ਵੱਧ ਨਿਮਨ ਅਨੁਸਾਰ ਲਾਭ ਹਾਸਿਲ ਹੋਣਗੇ:

1 ਪੈਨਸ਼ਨਰ ਦਾ ਇਕ ਵਾਰ ਨਿਜੀ ਡਾਟਾ ਭਰਨ ਉਪਰੰਤ ਦੋਬਾਰਾ ਇਹ ਡਾਟਾ ਭਰਨ ਦੀ ਲੋੜ ਨਹੀਂ । ਇਸ ਨਾਲ ਪੀ ਪੀ ਓ ਵਿੱਚ ਪੇਪਰ ਡਾਟਾ ਦੇ ਨਾਲ ਨਾਲ ਕੰਪਿਊਟਰ ਵਿੱਚ ਪੈਨਸ਼ਨਰ ਦਾ ਡਾਟਾ ਉਪਲਬੱਧ ਹੋ ਜਾਵੇਗਾ ।

2 ਜਿਸ ਸਮੇਂ ਵੀ ਇਸ ਸਿਸਟਮ ਰਾਹੀਂ ਅਦਾਇਗੀ ਕਰਨੀ ਹੈ ਤਾ ਆਪਣੇ ਕੰਪਿਊਟਰ ਦੇ ਡੈਸਕ ਟਾਪ ਤੇ ਜਾ ਕੇ ਪੈਨਸ਼ਨ ਆਈਕੋਨ ਕਲਿਕ ਕਰੋ, ਪੈਨਸ਼ਨ ਦੇ ਡਾਟੇ ਨੂੰ ਉਸ ਮਹੀਨੇ ਵਿਚ ਬਦਲ ਦਿਓ ਜਿਸ ਮਹੀਨੇ ਦੀ ਪੈਨਸ਼ਨ ਦੇਣੀ ਹੈ । ਫਿਰ ਉਸ ਮਹੀਨੇ ਵਿਚ ਜਿਹੜੀ ਸੋਧ ਕਰਨੀ ਹੈ ਕਰ ਦਿਓ ।ਡੀ ਆਰ ਦੇ ਵਾਧੇ ਦੀ ਸੂਰਤ ਵਿਚ ਡੀ ਆਰ ਦੇ ਫਾਰਮ ਵਿੱਚ ਉਸ ਮਹੀਨੇ ਦਾ ਡਾਟਾ ਭਰ ਦਿਓ ਜਿਸ ਮਹੀਨੇ ਤੋਂ ਵਾਧੇ ਦਾ ਬਕਾਇਆ ਦੇਣਾ ਹੈ । ਉਸ ਸਮੇਂ ਦਾ ਵੇਰਵਾ ਅਤੇ ਪ੍ਰਤੀਸ਼ਤ ਵਾਧਾ ਨਿਰਧਾਰਿਤ ਕਾਲਮ ਵਿੱਚ ਭਰ ਦਿਓ, ਕੰਪਿਊਟਰ ਆਪਣੇ ਆਪ ਹੀ ਪੈਨਸ਼ਨਰ ਨੂੰ ਵਧੇ ਡੀ ਆਰ ਦਾ ਬਕਾਇਆ ਵੀ ਪੈਨਸ਼ਨ ਵਿਚ ਸਾਮਿਲ ਕਰ ਲਵੇਗਾ ।

3 ਇਸ ਸੋਫਟਵੇਅਰ ਵਿੱਚ ਪ੍ਰੋਵੀਜਨ ਹੈ ਕਿ ਇਹ ਮਹੀਨਾਂਵਾਰ ਪੈਨਸ਼ਨ ਬੈਂਕ ਰੋਲ, ਪੈਨਸ਼ਨ ਲੈਜਰ, ਇਨਕਮ ਟੈਕਸ ਇਨਫਰਮੇਸ਼ਨ ਆਦਿ ਆਪਣੇ ਆਪ ਹੀ ਤਿਆਰ ਕਰਦਾ ਹੈ । ਸਾਲ ਦੇ ਅੰਤ ਤੇ ਸਾਲਾਨਾਂ ਲੈਜਰ ਤਿਆਰ ਕਰਦਾ ਹੈ । ਜੇ ਤੁਸੀਂ ਆਪਣੇ ਅਧੀਨ ਸਾਰੇ ਪੈਨਸ਼ਨਰਾਂ ਦੀ ਇਕੱਠੀ ਇਨਫਰਮੇਸ਼ਨ ਤਿਆਰ ਕਰਨਾ ਚਾਹੁੰਦੇ ਹੋ ਤਾਂ ਇੱਕਠੀ ਇਨਫਰਮੇਸ਼ਨ ਤਿਆਰ ਕਰ ਲਵੋ ਅਤੇ ਜੇ ਕਰ ਇਕ ਪੈਨਸ਼ਨਰ ਦੀ ਇਨਫਰਮੇਸ਼ਨ ਤਿਆਰ ਕਰਨਾਂ ਚਾਹੁੰਦੇ ਹੋ ਤਾਂ ਇਕ ਪੈਨਸ਼ਨਰ ਦੀ ਲੋੜੀਂਦੀ ਇਨਫਰਮੇਸ਼ਨ ਤਿਆਰ ਕਰ ਲਵੋ ।

4 ਇਨਕਮਟੈਕਸ ਦੇ ਮੰਤਵ ਲਈ ਦਿਤੀ ਜਾਣ ਵਾਲੀ ਸਾਲਾਨਾਂ ਪੈਨਸ਼ਨ ਅਦਾਇਗੀ ਸੂਚਨਾਂ ਹਰ ਪੈਨਸ਼ਨਰ ਦੀ ਵਖਰੇ ਤੌਰ ਤੇ ਇਸ ਸਿਸਟਮ ਵਿਚ ਤਿਆਰ ਕਰਨ ਦੀ ਵਿਵੱਸਥਾ ਕੀਤੀ ਗਈ ਹੈ ।

5 ਇਸ ਸੋਫਟਵੇਅਰ ਵਿਚ ਇਹ ਵਿਵਸਥਾ ਕੀਤੀ ਗਈ ਹੈ ਕਿ ਜੇ ਕਰ ਤੁਸੀਂ ਕਿਸੇ ਪੈਨਸ਼ਨਰ ਦਾ ਪਿਛਲਾ ਬਕਾਇਆ ਦੇਣਾ ਹੈ ਤਾਂ ਮੈਨੂਅਲੀ ਕੈਲਕੂਲੇਟ ਕਰਕੇ ਏਰੀਅਰ ਪੋਸਟ ਕਰ ਦਿਓ । ਉਸ ਮਹੀਨੇਂ ਵਿਚ ਇਸ ਸਿਸਟਮ ਰਾਹੀਂ ਪੈਨਸ਼ਨਰ ਨੂੰ ਦਿਤੀ ਜਾਣ ਵਾਲੀ ਪੈਨਸ਼ਨ ਵਿੱਚ ਬਕਾਇਆ ਵੀ ਪੈਨਸ਼ਨ ਰੋਲ ਵਿਚ ਸ਼ਾਮਿਲ ਹੋ ਜਾਵੇਗਾ ।

6 ਇਸ ਸੌਫਟਵੇਅਰ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜੇ ਕਰ ਤੁਸੀਂ ਕਿਸੇ ਤੋਂ ਇਕ ਮੁਸ਼ਤ ਕੋਈ ਰਿਕਵਰੀ ਕਰਨੀ ਹੈ ਉਹ ਵੀ ਕਰ ਸਕਦੇ ਹੋ ਅਤੇ ਜੇ ਕਰ ਕਿਸ਼ਤਾਂ ਵਿਚ ਰਿਕਵਰੀ ਕਰਨੀ ਹੈ ਤਾਂ ਉਹ ਵੀ ਕਰ ਸਕਦੇ ਹੋ ।

7 ਇਸ ਸੌਫਟਵੇਅਰ ਵਿੱਚ ਇਹ ਵਿਵਸਥਾ ਕੀਤੀ ਗਈ ਹੈ ਕਿ ਜਿਸ ਪੈਨਸ਼ਨਰ ਨੂੰ ਤੁਸੀਂ ਡੀ ਆਰ ਦੇਣਾ ਹੈ ਉਥੇ ਸਬੰਧਤ ਕਾਲਮ ਵਿਚ । ਕੋਡ ਪਾਓ ਅਤੇ ਕੰਪਿਊਟਰ ਪੈਨਸ਼ਨਰ ਨੂੰ ਡੀ ਆਰ ਦੇ ਦੇਵੇਗਾ ਅਤੇ ਜਿਸ ਨੂੰ ਡੀ ਆਰ ਨਹੀਂ ਦੇਣਾ ਉਥੇ ਕੋਈ ਕੋਡ ਨਾ ਪਾਓ ਉਥੇ ਕੰਪਿਊਟਰ ਆਪਣੇ ਆਪ ਹੀ ਉਸ ਪੈਨਸ਼ਨਰ ਨੂੰ ਡੀ ਆਰ ਨਹੀਂ ਦੇਵੇਗਾ । ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਬੇਸਿਕ ਪੈਨਸ਼ਨ ਬਿਨਾ ਡੀ ਪੀ ਤੋਂ ਹੀ ਸਬੰਧਤ ਕਾਲਮ ਵਿਚ ਭਰਨੀ ਹੈ ਕਿਉਂਕਿ ਇਸ ਸਿਸਟਿਮ ਵਿਚ ਇਹ ਵਿਵਸਥਾ ਹੈ ਕਿ ਬੇਸਿਕ ਪੈਨਸ਼ਨ ਤੇ ਬਣਦੀ 50 ਪ੍ਰਤੀਸ਼ਤ ਡੀ ਪੀ ਕੰਪਿਊਟਰ ਆਪਣੇ ਆਪ ਹੀ ਦੇ ਦੇਵੇਗਾ ।

8 ਇਸ ਸੌਫਟਵੇਅਰ ਵਿੱਚ ਪੈਨਸ਼ਨਰ ਨੂੰ ਸਮੇਂ ਸਿਰ ਐਲ ਟੀ ਸੀ ਦੇਣ ਦੀ ਵਿਵਸਥਾ ਕੀਤੀ ਗਈ ਹੈ । ਜਿਸ ਪੈਨਸ਼ਨਰ ਨੂੰ ਐਲ ਟੀ ਸੀ ਦੇਣਾ ਹੈ ਉਸ ਦੇ ਪਰਸਨਲ ਡਾਟਾ ਵਿਚ ਐਲ ਟੀ ਸੀ ਦੇਣ ਸਬੰਧੀ ਕੋਡ ਭਰ ਦਿਓ । ਹਰ ਸਾਲ ਦੀ ਇਕ ਜਨਵਰੀ ਅਤੇ ਇਕ ਜੁਲਾਈ ਨੂੰ ਦਿਤੀ ਜਾਣ ਵਾਲੀ ਪੈਨਸ਼ਨ ਅਦਾਇਗੀ ਨਾਲ ਐਲ ਟੀ ਸੀ ਦੀ ਅਦਾਇਗੀ ਵੀ ਹੋ ਜਾਵੇਗੀ ।

9 ਇਸ ਸੌਫਟਵੇਅਰ ਵਿੱਚ ਇਹ ਪ੍ਰੋਵੀਜਨ ਕੀਤੀ ਗਈ ਹੈ ਕਿ ਜਿਨ ਦੀ ਲਿਬਰਲਾਈਜ਼ਡ ਜਾਂ ਸਪੈਸ਼ਲ ਜਾਂ ਹਾਰਡਸ਼ਿਪ ਪਰਿਵਾਰਿਕ ਪੈਨਸ਼ਨ ਬੰਦ ਕਰਨੀ ਹੈ ਇਹ ਸਮੇਂ ਸਿਰ ਤਿੰਨ ਹੀ ਤਰਾਂ ਦੀ ਪੈਨਸ਼ਨ ਆਪਣੇ ਆਪ ਹੀ ਬੰਦ ਕਰ ਦੇਵੇਗਾ ਅਤੇ ਨਾਰਮਲ ਪਰਿਵਾਰਿਕ ਪੈਨਸ਼ਨ ਦੇਣੀ ਸ਼ੁਰੂ ਕਰ ਦੇਵੇਗਾ । ਪੈਨਸ਼ਨ ਡਾਟਾ ਭਰਨ ਸਮੇਂ ਸਿਰਫ ਮ੍ਰਿਤਕ ਦੀ ਜਨਮ ਮਿਤੀ ਲੋੜੀਂਦੇ ਕਾਲਮਾਂ ਵਿਚ ਭਰੀ ਹੋਣੀ ਚਾਹੀਦੀ ਹੈ । ਮ੍ਰਿਤਕ ਦੇ ਬਚਿਆਂ ਨੂੰ ਪਰਿਵਾਰਿਕ ਪੈਨਸ਼ਨ ਦੇਣ ਦੀ ਸੂਰਤ ਵਿੱਚ ਜਿਸ ਨੂੰ ਪੈਨਸ਼ਨ ਦਿਤੀ ਜਾ ਰਹੀ ਹੈ ਦੀ ਜਨਮ ਮਿਤੀ ਭਰ ਦਿਓ, ਅਜਿਹੇ ਕੇਸਾ ਵਿਚ 25 ਸਾਲ ਦੀ ਉਮਰ ਪੂਰੀ ਹੋ ਜਾਣ ਉਪਰੰਤ ਉਹਨਾਂ ਦੀ ਪੈਨਸ਼ਨ ਆਪਣੇ ਆਪ ਹੀ ਬੰਦ ਹੋ ਜਾਵੇਗੀ । ਇਸ ਤਰ੍ਹਾ ਇਹਨਾਂ ਅਦਾਇਗੀਆਂ ਵਿਰੁੱਧ ਕੋਈ ਵਾਧੂ ਅਦਾਇਗੀ ਨਹੀਂ ਹੋਵੇਗੀ ।

10 ਜਿਸ ਪੈਨਸ਼ਨਰ ਜਾਂ ਫੈਮਲੀ ਪੈਨਸ਼ਨਰ ਦੀ ਜਨਮ ਮਿਤੀ ਪੈਨਸ਼ਨਰ ਦੇ ਪਰਸਨਲ ਡਾਟਾ ਵਿਚ ਭਰੀ ਹੋਈ ਹੈ ਉਸ ਪੈਨਸ਼ਨਰ ਨੂੰ ਕੰਪਿਊਟਰ ਆਪਣੇ ਆਪ ਹੀ 65 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਅਗਲੇ ਮਹੀਨੇ ਦੀ ਪਹਿਲੀ ਤਾਰੀਖ ਤੋਂ 5% ਅਤੇ ਇਸ ਹੀ ਤਰ੍ਹਾਂ 75 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਉਸ ਤੋਂ ਅਗਲੇ ਮਹੀਨੇ ਦੀ ਪਹਿਲੀ ਤਾਰੀਖ ਤੋਂ ਕੁਲ 10% ਸਪੈਸ਼ਲ ਬੁਢਾਪਾ ਪੈਨਸ਼ਨ ਲਾਭ ਆਪਣੇ ਆਪ ਹੀ ਦੇ ਦੇਵੇਗਾ । ਇਸ ਲਈ ਕੋਈ ਵਿਸ਼ੇਸ਼ ਮੰਨਜ਼ੂਰੀ ਇਸ ਦਫਤਰ ਤੋਂ ਲੈਣ ਦੀ ਲੋੜ ਨਹੀਂ ਰਹੀ । ਉਹਨਾਂ ਵਿਧਵਾਵਾਂ ਦੇ ਕੇਸ ਵਿੱਚ ਜੋ ਅਨਪੜ੍ਹ ਹਨ ਅਤੇ ਜਨਮ ਮਿਤੀ ਸਰਟੀਫਿਕੇਟ ਉਪਲਬੱਧ ਨਹੀਂ ਉਹਨਾਂ ਦੀ ਉਮਰ ਸਬੰਧੀ ਸਰਟੀਫਿਕੇਟ ਸਬੰਧਤ ਸੀ ਐਮ ਓ ਤੋਂ ਪ੍ਰਾਪਤ ਕਰਨ ਉਪਰੰਤ ਅਧਿਕਾਰੀ ਵਲੋਂ ਦਰਸਾਈ ਉਮਰ ਸਬੰਧਤ ਕਾਲਮ ਵਿਚ ਦਰਸਾਉਣ ਤੇ ਇਹ ਲਾਭ ਉਹਨਾਂ ਨੂੰ ਵੀ ਪ੍ਰਾਪਤ ਹੋ ਜਾਣਗੇ ।

11 ਜਿਸ ਪੈਨਸ਼ਨਰ ਦੇ ਕਮਿਊਟੇਸ਼ਨ ਫਾਰਮ ਵਿੱਚ ਪੈਨਸ਼ਨ ਕਮਿਊਟੇਸ਼ਨ ਦੀ ਅਦਾਇਗੀ ਦੀ ਮਿਤੀ ਅਤੇ ਕੀਤੀਆਂ ਜਾਣ ਵਾਲੀਆਂ ਕਟੌਤੀਆਂ ਦਾ ਵੇਰਵਾ ਭਰਿਆ ਹੋਇਆ ਹੈ ਉਸ ਪੈਨਸ਼ਨਰ ਦੀ ਪੈਨਸ਼ਨ ਆਖਰੀ ਕਿਸ਼ਤ ਪੂਰੀ ਹੋਣ ਤੇ ਵਿਵਸਥਾ ਹੈ ਕਿ ਉਸ ਦੀ ਪੈਨਸ਼ਨ ਅਗਲੇ ਮਹੀਨੇ ਦੀ ਪਹਿਲੀ ਤਾਰੀਕ ਤੋਂ ਆਪਣੇ ਆਪ ਹੀ ਰੀਸਟੋਰ ਹੋ ਜਾਵੇਗੀ । ਸਾਲ 1996 ਤੋਂ ਪਹਿਲਾ ਰਿਟਾਇਰ ਹੋਏ ਪੈਨਸ਼ਨਰਜ਼ ਦੀ ਕਮਿਊਟੇਸ਼ਨ ਦੀ ਅਦਾਇਗੀ ਮਿਤੀ ਤੋਂ 11 ਸਾਲ 6 ਮਹੀਨੇ ਬੀਤਣ ਉਪਰੰਤ ਜਾਂ 70 ਸਾਲ ਦੀ ਉਮਰ ਪੂਰੀ ਹੋ ਜਾਣ ਉਪਰੰਤ ਜੋ ਵੀ ਦੇਰੀ ਨਾਲ ਘਟਨਾਂ ਘਟੇਗੀ ਉਸ ਮਹੀਨੇਂ ਤੋਂ ਅਗਲੇ ਮਹੀਨੇਂ ਦੀ ਪਹਿਲੀ ਤਾਰੀਖ ਨੂੰ ਉਸ ਪੈਨਸ਼ਨਰ ਦੀ ਪੈਨਸ਼ਨ ਰੀਸਟੋਰ ਹੋਣ ਉਪਰੰਤ ਉਸ ਨੂੰ ਪੂਰੀ ਪੈਨਸ਼ਨ ਮਿਲਣ ਲੱਗ ਜਾਵੇਗੀ । ਇਸੇ ਤਰ੍ਹਾ ਹੀ 1 ਜਨਵਰੀ 1996 ਤੋਂ ਰਿਟਾਇਰ ਹੋਏ ਪੈਨਸ਼ਨਰ ਦੀ ਪੈਨਸ਼ਨ ਉਹਨਾਂ ਨੂੰ ਕਮਿਊਟ ਪੈਨਸ਼ਨ ਦੀ ਭੁਗਤਾਨ ਵਾਲੀ ਮਿਤੀ ਤੋਂ 15 ਸਾਲ ਪੂਰੇ ਹੋਣ ਉਪਰੰਤ ਅਗਲੇ ਮਹੀਨੇਂ ਦੀ ਪਹਿਲੀ ਤਾਰੀਖ ਤੋਂ ਪੂਰੀ ਪੈਨਸ਼ਨ ਮਿਲਣ ਲੱਗ ਜਾਵੇਗੀ । ਭਵਿੱਖ ਲਈ ਅਜਿਹੇ ਕੇਸਾਂ ਵਿੱਚ ਇਸ ਦਫਤਰ ਤੋਂ ਮਨੋਜ਼ੂਰੀ ਲੈਣ ਦੀ ਲੋੜ ਨਹੀਂ ਹੈ ।

ਇਸ ਪ੍ਰੋਵੀਜਨ ਦਾ ਲਾਭ ਇਹ ਹੋਵੇਗਾ ਕਿ ਇਸ ਕੰਮ ਲਈ ਨੀਤੇ ਜਾਣ ਵਾਲਾ ਪੱਤਰ ਵਿਹਾਰ ਘਟੇਗਾ ਅਤੇ ਬੋਰਡ ਨੂੰ ਪੋਸਟੇਜ ਦੇ ਖਰਚੇ ਦੀ ਬੱਚਤ ਤੋਂ ਇਲਾਵਾ ਪੈਨਸ਼ਨਰ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਹੀਂ ਹੋਵੇਗੀ ।

12 ਇਸ ਸਿਸਟਮ ਵਿਚ ਇਹ ਵਿਵਸਥਾ ਹੈ ਕਿ ਜੇ ਕਰ ਕੋਈ ਪੈਨਸ਼ਨਰ ਅਪਣਾ ਲਾਈਫ ਸਰਟੀਫਿਕੇਟ ਨਹੀਂ ਦਿੰਦਾ ਤਾਂ ਉਸ ਦੀ ਪੈਨਸ਼ਨ ਉਤਨੀ ਦੇਰ ਤੱਕ ਰੋਕੀ ਜਾ ਸਕਦੀ ਹੈ ਜਿਤਨੇ ਸਮੇਂ ਤੱਕ ਉਹ ਆਪਣਾ ਲਾਈਫ ਸਰਟੀਫਿਕੇਟ ਨਾ ਦੇਵੇ । ਲੋੜੀਂਦਾ ਸਰਟੀਫਿਕੇਟ ਦੇਣ ਉਪਰੰਤ ਉਸ ਇੱਕਲੇ ਪੈਨਸ਼ਨਰ ਦਾ ਪੈਨਸ਼ਨ ਅਦਾਇਗੀ ਰੋਲ ਤਿਆਰ ਕਰ ਕੇ ਬੈਂਕ ਨੂੰ ਅਦਾਇਗੀ ਲਈ ਭੇਜਿਆ ਜਾ ਸਕਦਾ ਹੈ ।

13 ਇਸ ਸਿਸਟਮ ਵਿੱਚ ਤੁਹਾਡੀ ਮਰਜੀ ਤੋਂ ਬਿਨਾਂ ਕੋਈ ਹੋਰ ਤਬਦੀਲੀ ਨਾ ਕੀਤੀ ਜਾ ਸਕੇ ਨੂੰ ਯਕੀਨੀ ਬਣਾਇਆ ਗਿਆ ਹੈ । ਤੁਸੀਂ ਇਸ ਲਈ ਆਪਣਾ ਪਾਸਵਰਡ ਇਸਤੇਮਾਲ ਕਰ ਸਕਦੇ ਹੋ ਉਸ ਬਿਨਾਂ ਇਸ ਸਿਸਟਮ ਨੂੰ ਕੋਈ ਖੋਲ ਨਹੀਂ ਸਕੇਗਾ ।

14 ਉਪਰੋਕਤ ਸਾਰੇ ਲਾਭਾਂ ਲਈ ਪੈਨਸ਼ਨ ਅਦਾ ਕਰਨ ਵਾਲੇ ਅਧਿਕਾਰੀ ਜਾਂ ਕਰਮਚਾਰੀ ਦੀ ਇਹ ਨਿਜੀ ਜਿੰਮੇਵਾਰੀ ਬਣਦੀ ਹੈ ਕਿ ਉਹ ਸਹੀ ਡਾਟਾ ਕੰਪਿਊਟਰ ਵਿੱਚ ਫੀਡ ਕਰੇ ਅਤੇ ਹਾਸਿਲ ਕੀਤੀ ਰਿਪੋਰਟ ਬੈਂਕ ਨੂੰ ਭੇਜਣ ਤੋਂ ਪਹਿਲਾਂ ਨਿਜਮਾਂ ਅਨੁਸਾਰ ਪੂਰਨ ਜਾਂਚ ਕਰੇ । ਜੇਕਰ ਕੋਈ ਊਣਤਾਈ ਇਸ ਸਿਸਟਮ ਵਿਚ ਨਜ਼ਰ ਆਉਂਦੀ ਹੈ ਤਾਂ ਤੁਰੰਤ ਲੇਖਾ ਅਫਸਰ ਪੈਨਸ਼ਨ ਦੇ ਧਿਆਨ ਵਿਚ ਲਿਆਵੇ ।

15 ਸਾਲ ਦੇ ਅੰਤ ਤੇ ਤੁਸੀਂ ਆਈ ਯੂ ਟੀ ਬਿਲ ਪੈਨਸ਼ਨ ਅਦਾਇਗੀਆਂ ਦਾ ਤਿਆਰ ਕਰਦੇ ਹੋ ਅੱਜ ਤੱਕ ਉਸ ਦਾ ਡਾਟਾ ਪੈਨਸ਼ਨ ਆਡਿਟ ਸ਼ਾਖਾ ਨੂੰ ਨਹੀਂ ਸੀ ਭੇਜਿਆ ਜਾਂਦਾ । ਅਦਾਇਗੀਆਂ ਦੀ ਪੁਸ਼ਟੀ ਲਈ ਸਾਲਾਨਾਂ ਲੈਜਰ ਦਾ ਅਬਸਟਰੈਕਟ ਤਿਆਰ ਕਰਕੇ ਆਈ ਯੂ ਟੀ ਬਿਲ ਦੇ ਨਾਲ ਨੱਥੀ ਕੀਤੇ ਜਾਣ ਨਾਲ ਉਸ ਦਫਤਰ ਵਲੋਂ ਕੀਤੀਆਂ ਪੈਨਸ਼ਨ ਅਦਾਇਗੀਆਂ ਦੀ ਪੁਸ਼ਟੀ ਹੋ ਜਾਵੇਗੀ । ਇਸ ਆਈ ਯੂ ਟੀ ਬਿਲ ਦੇ ਨਾਲ ਉਸ ਪੂਰੇ ਸਾਲ ਦੀ ਅਦਾਇਗੀਆਂ ਸਬੰਧੀ ਡਾਟਾ ਲੋਡ ਕਰਕੇ ਸੀ ਡੀ ਪੈਨਸ਼ਨ ਆਡਿਟ ਸ਼ਾਖਾ ਨੂੰ ਭੇਜੀ ਜਾ ਸਕਦੀ ਹੈ ਜਿਸ ਤੋਂ ਸਾਰੇ ਪੰਜਾਬ ਅੰਦਰ ਹੋਈਆਂ ਅਦਾਇਗੀਆਂ ਦਾ ਅਕਾਊਂਟ ਤਿਆਰ ਕਰ ਕੇ ਬੋਰਡ ਦੇ ਮੇਨ ਅਕਾਊਂਟ ਨਾਲ ਖਰਚੇ ਦਾ ਮਿਲਾਨ ਕੀਤਾ ਜਾ ਸਕਦਾ ਹੈ ।

ਉਪਰੋਕਤ ਸਾਰੇ ਲਾਭਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਪੈਨਸ਼ਨਰ ਨੂੰ ਅਦਾਇਗੀਆਂ ਕਰਨ ਲਈ ਇਸ ਸੋਫਟਵੇਅਰ ਦੀ ਵਰਤੋਂ ਯਕੀਨੀ ਬਣਾਈ ਜਾਵੇ । ਇਥੇ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਮਾਰਚ 2007 ਦਾ ਪੈਨਸ਼ਨ ਖਰਚਿਆਂ ਦਾ ਆਈ ਯੂ ਟੀ ਬਿਲ ਕੁਲ ਖਰਚੇ ਦੇ ਅਬਸਟਰੈਕਟ ਤੋਂ ਬਗੈਰ ਇਸ ਦਫਤਰ ਵਿਚ ਸਵੀਕਾਰ ਨਹੀਂ ਕੀਤਾ ਜਾਵੇਗਾ । ਜਿਸ ਦਫਤਰ ਵਿੱਚ ਕੰਪਿਊਟਰ ਉਪਲੱਬਧ ਨਹੀਂ ਹਨ ਉਹ ਆਪਣੀ ਰਿਕੁਜਿਸ਼ਨ ਆਪਣੇ ਆਪਣੇ ਵਿਭਾਗਾਂ ਦੇ ਮੁੱਖੀਆਂ ਰਾਹੀਂ ਡਾਇਰੈਕਟਰ ਆਈ ਟੀ ਨੂੰ ਤੁਰੰਤ ਭਿਜਵਾਉਣ ਤਾਂ ਜੋ ਉਹਨਾ ਦੇ ਦਫਤਰ ਨੂੰ ਲੋੜੀਂਦਾ ਪੀ ਸੀ ਮਿਲ ਸਕੇ । ਜਿਤਨੀ ਦੇਰ ਪੀ ਸੀ ਉਪਲਬੱਧ ਨਹੀਂ ਹੁੰਦਾ ਉਤਨੀ ਦੇਰ ਲੋਕਲ ਮਾਰਕੀਟ ਵਿਚ ਕਿਸੇ ਕੰਪਿਊਟਰ ਸੈਂਟਰ ਨਾਲ ਕੰਟਰੈਕਟ ਕਰ ਕੇ ਇਸ ਸੋਫਟਵੇਅਰ ਦੀ ਵਰਤੋਂ ਯਕੀਨੀ ਬਣਾਈ ਜਾਵੇ ।

ਇਹ ਹਦਾਇਤਾਂ ਸਮਰੱਥ ਅਧਿਕਾਰੀ ਦੀ ਮੰਨਜੂਰੀ ਨਾਲ ਜਾਰੀ ਪਾਲਣਾਂ ਯਕੀਨੀ ਬਣਾਈ ਜਾਵੇ ।

15/5/06

(ਹਰਦੀਪ ਸਿੰਘ)
ਉਪ ਮੁੱਖ ਲੇਖਾ ਅਫਸਰ, ਪੈਨਸ਼ਨ ਅਤੇ ਫੰਡਜ
ਵਾਸਤੇ ਮੁੱਖ ਲੇਖਾ ਅਫਸਰ, ਪੀ ਐਸ ਈ ਬੀ ਪਟਿਆਲਾ

# ਪੰਜਾਬ ਰਾਜ ਬਿਜਲੀ ਬੋਰਡ

## ਦਫਤਰ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਭਾਗ

ਵੱਲ

1. ਸਾਰੇ ਇੰਜੀਨੀਅਰ- ਇਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ ।
2. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਸਾਰੇ ਡਾਇਰੈਕਟਰਜ਼/ਡਿਪਟੀ ਡਾਇਰੈਕਟਰਜ਼ ।
3. ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਆਰ. ਈਜ਼ :
4. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ ਅਤੇ ਲੇਖਾ ਅਫਸਰ ਫੀਲਡਜ਼/ ਸਾਰੇ ਲੇਖਾ ਅਫਸਰ ਪ੍ਰਿਆਡਿਟ ।
5. ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ/ਨਿੱਜੀ ਸਕੱਤਰ
6. ਸਾਰੇ ਕਾਰਜਕਾਰੀ ਇੰਜੀਨੀਅਰ/ਸਹਾਇਕ ਕਾਰਜਕਾਰੀ ਇੰਜੀਨੀਅਰ/ਸਹਾਇਕ ਇੰਜੀਨੀਅਰ/ਉਪ ਮੰਡਲ ਅਫਸਰ ।
7. ਸਾਰੇ ਹੈਡ ਆਫ ਦੀ ਸੈਕਸ਼ਨਜ਼ (H.O) ਅਤੇ ਸੁਪਰਡੈਂਟ ਮੰਡਲ ਲੇਖਾ (ਫੀਲਡ)
8. ਪੰਜਾਬ ਰਾਜ ਬਿਜਲੀ ਬੋਰਡ ਦੀਆਂ ਸਮੂਹ ਮੁਲਾਜਮ ਜਥੇਬੰਦੀਆਂ ਦੇ ਪ੍ਰਧਾਨ/ਸਕੱਤਰ

ਪੱਤਰ ਨੰ 6317/8317/ਪੈਨਸ਼ਨ ਆਡਿਟ/ਲੂਜ਼ ਮਿਤੀ 07-07-2006

**ਵਿਸ਼ਾ : ਰਿਟਾਇਰ ਹੋ ਰਹੇ ਅਧਿਆਰੀ/ਕਰਮਚਾਰੀਆਂ ਨੂੰ ਉਹਨਾਂ ਦੀ ਰਿਟਾਇਰਮੈਂਟ ਮਿਤੀ ਤੋਂ ਪਹਿਲਾਂ ਰਿਟਾਇਰਮੈਂਟ ਦੇ ਲਾਭਾਂ ਦੀ ਅਦਾਇਗੀ ਕਰਨ ਬਾਰੇ ।**

ਉਪਰੋਕਤ ਵਿਸ਼ੇ ਤੇ ਸਕੱਤਰ/ ਪੈਨਸ਼ਨ ਭਾਗ ਵਲੋਂ ਬੜੀ ਸੋਚ ਵਿਚਾਰ ਬਾਅਦ ਇਹ ਫੈਸਲਾ ਲਿਆ ਗਿਆ ਹੈ ਕਿ ਹਰ ਰਿਟਾਇਰ ਹੋ ਰਹੇ ਅਧਿਆਕਾਰੀ/ਕਰਮਚਾਰੀ ਨੂੰ ਉਸ ਦੀ ਰਿਟਾਇਰਮੈਂਟ ਦੀ ਮਿਤੀ ਤੋਂ ਪਹਿਲਾਂ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਕੀਤੀ ਜਾਣੀ ਚਾਹੀਦੀ ਹੈ ਤਾਂਕਿ ਕੋਈ ਭੀ ਰਿਟਾਇਰਮੈਂਟ ਤੇ ਬਾਅਦ ਪੈਨਸ਼ਨ ਸਬੰਧੀ ਮਿਲਣ ਵਾਲੇ ਲਾਭਾਂ ਦੇ ਨਾ ਮਿਲਣ ਕਰਕੇ ਕਿਸੇ ਕਿਸਮ ਦੀ ਤੰਗੀ ਆਦਿ ਨਾ ਮਹਿਸੂਸ ਕਰੇ । ਸਕੱਤਰ/ ਪੈਨਸ਼ਨ ਭਾਗ ਵਲੋਂ ਪੱਤਰ ਨੰ: 200024/201124/ ਪੈਨਸ਼ਨ/ ਜੀ 244 ਮਿਤੀ 30 ਜੁਲਾਈ 2001 ਰਾਹੀ ਵਿਸਥਾਰ ਵਿਚ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ । ਇਹਨਾਂ ਹਦਾਇਤਾਂ ਦੀ ਪਾਲਣਾ ਨਾਮਾਤਰ ਹੋਣ ਕਰਕੇ ਪੈਨਸ਼ਨਰ ਨੂੰ ਇਹਨਾਂ ਦਾ ਪੂਰਾ ਪੂਰਾ ਲਾਭ ਨਹੀਂ ਮਿਲ ਰਿਹਾ । ਇਸ ਦਫਤਰ ਦੀ ਇਹ ਤੀਵਰ ਇੱਛਾ ਹੈ ਕਿ ਹਰ ਰਿਟਾਇਰ ਹੋਣ ਵਾਲਾ ਅਧਿਕਾਰੀ/ਕਰਮਚਾਰੀ ਆਪਣੀ ਰਿਟਾਇਰਮੈਂਟ ਵਾਲੇ ਦਿਨ ਉਹ ਸਾਰੀਆਂ ਅਦਾਇਗੀਆਂ ਦੇ ਚੈਕ ਲੈਕੇ ਘਰ ਜਾਵੇ ਜਿਹੜੀਆਂ ਅਦਾਇਗੀਆਂ ਉਸ ਨੂੰ ਆਪਣੀ ਕੀਤੀ ਸੇਵਾ ਦੇ ਇਵਜ ਵਜੋ ਪੈਨਸ਼ਨ ਲਾਭਾਂ ਦੇ ਰੂਪ ਵਿਚ ਮਿਲਣ ਵਾਲੀਆਂ ਹਨ ।

ਸਕੱਤਰ ਪੈਨਸ਼ਨ ਵਲੋਂ 2001 ਵਿਚ ਜਾਰੀ ਹਦਾਇਤਾਂ ਦਾ ਸਾਰ ਹੇਠ ਲਿਖੇ ਅਨੁਸਾਰ ਹੈ :

1 ਸਾਰੇ ਪੈਨਸ਼ਨਰ ਨੂੰ ਪੀ ਪੀ ਓ, ਜੀ ਪੀ ਓ ਅਤੇ ਸੀ ਵੀ ਓ ਉਸ ਦੀ ਰਿਟਾਇਰਮੈਂਟ ਵਾਲੇ ਦਿਨ ਤੋਂ ਪਹਿਲਾਂ ਜਾਰੀ ਕੀਤੇ ਜਾ ਸਕਣ ਉਸ ਲਈ ਇਹ ਜਰੂਰੀ ਹੈ ਕਿ ਹਰ ਰਿਟਾਇਰ ਹੋਣ ਵਾਲੇ ਅਧਿਕਾਰੀ/ਕਰਮਚਾਰੀ ਦਾ ਪੈਨਸ਼ਨ ਕੇਸ ਮੁਕੰਮਲ ਰੂਪ ਵਿਚ ਮੁੱਖ ਲੇਖਾ ਅਫਸਰ/ਪੈਨਸ਼ਨ ਆਡਿਟ ਭਾਗ ਦੇ ਦਫਤਰ ਵਿਚ ਉਸ ਦੀ ਰਿਟਾਇਰਮੈਂਟ ਵਾਲੇ ਦਿਨ ਤੋਂ 2 ਮਹਿਨੇ ਪਹਿਲਾਂ ਹਰ ਹਾਲਤ ਵਿਚ ਪਹੁੰਚਾਇਆ ਜਾਵੇ ।

2 ਪੈਨਸ਼ਨ ਮੰਨਜੂਰ ਕਰਨ ਵਾਲੇ ਅਧਿਕਾਰੀ ਵਲੋਂ ਪੰਨਾ - III ਉਪਰ ਪੈਨਸ਼ਨ 2 ਮਹੀਨੇ ਪਹਿਲਾਂ ਹੀ ਮੰਨਜੂਰ ਕਰ ਦਿਤੀ ਜਾਵੇ ਅਤੇ ਨਾਲ ਹੀ ਇਹ ਤਸਦੀਕ ਕੀਤਾ ਜਾਵੇ ਕਿ ਇਸ ਅਧਿਕਾਰੀ/ਕਰਮਚਾਰੀ ਵਿਰੁਧ ਕੋਈ ਅਨੁਸਾਸਨਿਕ ਕਾਰਵਾਈ ਨਹੀਂ ਚੱਲ ਰਹੀ ।

3 ਜਿਹੜੇ ਰਿਟਾਇਰੀ ਆਪਣੀ ਪੈਨਸ਼ਨ ਕਮਿਊਟ ਕਰਵਾਉਣਾ ਚਾਹੁੰਦੇ ਹਨ ਉਹਨਾਂ ਦੇ ਪੈਨਸ਼ਨ ਕਮਿਊਟੇਸ਼ਨ ਬਿਨੈ ਪੱਤਰ ਤੇ ਪ੍ਰਾਰੰਭਿਕ ਸਟੇਜ ਤੇ ਹੀ ਕਮਿਉਟੇਸ਼ਨ ਵੈਲਯੂ ਮੰਨਜੂਰ ਕਰ ਦਿਤੀ ਜਾਵੇ ।( ਇਥੇ ਇਹ ਵਿਸ਼ੇਸ਼ ਤੌਰਤੇ ਲਿਖਿਆ ਜਾਂਦਾ ਹੈ ਕਿ ਪੈਨਸ਼ਨ ਕਮਿਊਟੇਸ਼ਨ ਵੈਲਯੂ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਦਫਤਰ ਵਲੋਂ ਮਿੱਥੇ ਗਏ ਫਾਰਮੂਲੇ ਨੂੰ ਅਪਲਾਈ ਕਰਕੇ ਨਿਰਧਾਰਤ ਕੀਤੀ ਜਾਂਦੀ ਹੈ ) ਇਸ ਲਈ ਪੈਨਸ਼ਨ ਮੰਨਜੂਰ ਕਰਨ ਵਾਲਾ ਅਧਿਕਾਰੀ ਕਮਿਊਟੇਸ਼ਨ ਬਿਨੈ ਪੱਤਰ ਤੇ ਸਿਰਫ **"ਮੰਨਜੂਰ ਕੀਤੀ ਜਾਂਦੀ ਹੈ"** ਲਿਖ ਕੇ ਪੈਨਸ਼ਨ ਭਾਗ ਨੂੰ ਪੈਨਸ਼ਨ ਪੱਤਰ ਦੇ ਨਾਲ ਹੀ ਕਮਿਊਟੇਸ਼ਨ ਬਿਨੈ ਪੱਤਰ ਭੇਜ ਦੇਣ ਤਾਂ ਜੋ ਪੀ ਪੀ ਓ ਦੇ ਨਾਲ ਹੀ ਸੀ ਵੀ ਓ ਭੀ ਜਾਰੀ ਕੀਤਾ ਜਾ ਸਕੇ ਅਤੇ ਹਰ ਉਸ ਪੈਨਸ਼ਨਰ ਨੂੰ ਇਹ ਸੁਵਿਧਾ ਉਸ ਦੀ ਰਿਟਾਇਰਮੈਂਟ ਦੇ ਪਹਿਲੇ ਦਿਨ ਹੀ ਪ੍ਰਾਪਤ ਹੋ ਸਕੇ ਜੋ ਇਹ ਕਮੁਟੇਸ਼ਨ ਹਾਸਿਲ ਕਰਨੀ ਚਾਹੁੰਦਾ ਹੈ ।

P.T.O.

4 ਰਿਟਾਇਰਮੇਂਟ ਗਰੈਚੁਟੀ ਦੀ ਅਦਾਇਗੀ ਦੇ ਹੁਕਮ ਪੈਨਸ਼ਨਰ ਨੂੰ ਉਸਦੀ ਰਿਟਾਇਰਮੇਂਟ ਤੋ ਪਹਿਲਾਂ ਹੀ ਮਿਲ ਸਕਣ ਇਸ ਲਈ ਪੈਨਸ਼ਨ ਪੇਪਰ ਦੇ ਨਾਲ ਹੀ ਪੈਨਸ਼ਨ ਮੰਨਜੂਰ ਕਰਤਾ ਅਧਿਕਾਰੀ ਬੇ ਬਾਕੀ ਸਰਟੀਫਿਕੇਟ ਭੀ ਭੇਜ ਦੇਣ। ਇਹ ਅਦਾਇਗੀ ਰਿਟਾਇਰੀ ਨੂੰ ਉਸ ਦੇ ਉਸ ਡੀ ਡੀ ਓ ਵਲੋਂ ਹੀ ਦਿਤੀ ਜਾਣੀ ਹੁੰਦੀ ਹੈ ਜਿਥੇ ਉਹ ਰਿਟਾਇਰ ਹੋਇਆ ਹੁੰਦਾ ਹੈ। ਜੇ ਕਰ ਇਸ ਬੇ ਬਾਕੀ ਸਰਟੀਫਿਕੇਟ ਭੇਜਣ ਤੋਂ ਬਾਅਦ ਰਿਟਾਇਰਮੇਂਟ ਦੇ ਸਮੇਂ ਦੌਰਾਨ ਕੋਈ ਰਿਕਵਰੀ ਸਾਮ੍ਹਣੇ ਆਉਂਦੀ ਹੈ ਤਾਂ ਡੀ ਡੀ ਓ ਨੂੰ ਇਹ ਹੱਕ ਹਾਸਲ ਹੈ ਕਿ ਉਸ ਦੀ ਪਾਸ ਕੀਤੀ ਗਈ ਗਰੈਚੁਟੀ ਦੀ ਰਕਮ ਵਿਚੋਂ ਇਹ ਕਟੌਤੀ ਕਰਕੇ ਬਾਕੀ ਦੀ ਅਦਾਇਗੀ ਰਿਟਾਇਰੀ ਨੂੰ ਕਰ ਸਕਦਾ ਹੈ। ਇਸ ਤੋਂ ਇਲਾਵਾ ਜੇ ਕਰ ਕੋਈ ਅਜਿਹਾ ਕੇਸ ਸਾਮ੍ਹਣੇ ਆਉਂਦਾ ਹੈ ਜਿਸ ਕਾਰਨ ਗਰੈਚੁਟੀ ਦੀ ਅਦਾਇਗੀ ਨਹੀਂ ਕੀਤੀ ਜਾ ਸਕਦੀ ਤਾਂ ਉਹ ਇਸ ਅਦਾਇਗੀ ਨੂੰ ਰੋਕ ਭੀ ਸਕਦਾ ਹੈ।

5 ਰਿਟਾਇਰ ਹੋਣ ਵਾਲੇ ਅਧਿਕਾਰੀ ਦਾ ਛੁੱਟਿਆਂ ਦਾ ਖਾਤਾ ਭੀ ਅਜੰਮਪਸ਼ਨ ਅਧਾਰ ਤੇ ਤਿਆਰ ਕਰਨਾ ਹੈ ਅਤੇ ਇਸ ਦੌਰਾਨ ਮਿਲਣ ਵਾਲੀ ਸਲਾਨਾ ਤਰੱਕੀ ਭੀ ਅਜੰਮਪਸ਼ਨ (Assumption) ਅਧਾਰ ਤੇ ਮੰਨਜੂਰ ਕਰਕੇ ਸੇਵਾ ਰਿਕਾਰਡ/ ਪਤਰੀ ਤੇ ਲਗਾਉਣੀ ਹੈ ਅਤੇ ਆਖਰੀ ਤਨਖਾਹ ਸਰਟੀਫਿਕੇਟ ਭੀ ਅਜੰਮਪਸ਼ਨ ਅਧਾਰ ਤੇ ਤਿਆਰ ਕਰਨਾਂ ਹੈ ਤਾਂ ਜੋ ਰਿਟਾਇਰੀ ਦੀ ਪੈਨਸ਼ਨ ਅਤੇ ਗਰੈਚੁਟੀ ਸਹੀ ਢੰਗ ਨਾਲ ਨਿਰਧਾਰਤ ਕੀਤੀ ਜਾ ਸਕੇ।

6 ਰਿਟਾਇਰ ਹੋਣ ਵਾਲੇ ਅਧਿਕਾਰੀ/ਕਰਮਚਾਰੀ ਦੀ ਸੇਵਾ ਕਾਲ ਦੀ ਵੈਰੀਫੀਕੇਸ਼ਨ ਅਤੇ ਆਡਿਟ ਸਕਰੂਟਨੀ ਭੀ ਅਜੰਮਪਸ਼ਨ ਅਧਾਰ ਤੇ ਕੀਤੀ ਜਾਣੀ ਚਾਹਿਦੀ ਹੈ।

7 ਇਸ ਤਰ੍ਹਾਂ ਅਜੰਮਪਸ਼ਨ ਦੇ ਅਧਾਰ ਤੇ ਕੇਸ ਭੇਜਣ ਤੋਂ ਬਾਦ ਜੇ ਕਰਮਚਾਰੀ ਬਿਨਾਂ ਤਨਖਾਹ ਤੇ ਛੁਟੀ ਤੇ ਚਲਿਆ ਜਾਂਦਾ ਹੈ ਜਾਂ ਉਸ ਦੀ ਮੌਤ ਹੋ ਜਾਂਦੀ ਹੈ ਜਾਂ ਕਿਸੇ ਕੇਸ ਵਿਚ ਸਸਪੈਂਸ਼ਨ ਜਾਂ ਡਿਸਮਿਸਲ ਹੋ ਜਾਂਦੀ ਹੈ ਤਾਂ ਅਜਿਹੇ ਕੇਸ ਵਿਚ ਜਾਰੀ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਰੋਕ ਲਈ ਜਾਣੀ ਚਾਹੀਦੀ ਹੈ।

8 ਕਈ ਕੇਸਾਂ ਵਿਚ ਅਜਿਹਾ ਭੀ ਹੁੰਦਾ ਹੈ ਕਿ ਕਰਮਚਾਰੀ ਆਪਣੇ ਆਖਰੀ ਡੀ ਡੀ ਓ ਦੇ ਦਫਤਰ ਦੀ ਵਜਾਏ ਕਿਸੇ ਹੋਰ ਡੀ ਡੀ ਓ ਪਾਸੋਂ ਪੈਨਸ਼ਨ ਪੇਮੇਂਟ ਹਾਸਿਲ ਕਰਨੀ ਚਾਹੁੰਦਾ ਹੈ ਅਜਿਹੇ ਕੇਸਾਂ ਵਿਚ ਇਹ ਜਰੂਰੀ ਹੈ ਕਿ ਪੈਨਸ਼ਨ ਅਦਾ ਕਰਨ ਵਾਲਾ ਅਧਿਕਾਰੀ ਉਸ ਰਿਟਾਇਰੀ ਦੇ ਪਹਿਲੇ ਡੀ ਡੀ ਓ ਪਾਸੋਂ ਇਹ ਸਰਟਫੀਕੇਟ ਕਿ ਇਸ ਪੈਨਸ਼ਨਰ ਨੂੰ ਇਸ ਦੀ ਪੈਨਸ਼ਨ ਅਤੇ ਸੀ ਵੀ ਓ ਦੀ ਅਦਾਇਗੀ ਕਰ ਦਿਤੀ ਜਾਵੇ, ਹਾਸਲ ਕਰਕੇ ਹੀ ਪੈਨਸ਼ਨ ਅਤੇ ਸੀ ਵੀ ਓ ਦੀ ਅਦਾਇਗੀ ਜਾਰੀ ਕਰੇ ਤਾਂ ਕਿ ਬੋਰਡ ਦੇ ਹਿੱਤ ਨੂੰ ਕੋਈ ਆਂਚ ਨਾ ਆਵੇ।

9 ਜਿਹਨਾਂ ਅਧਿਕਾਰੀਆਂ/ਕਰਮਚਾਰੀਆਂ ਵਿਰੁਧ ਕੋਈ ਅਨੁਸ਼ਾਸਨਾਤਮਿਕ ਕਾਰਵਾਈ ਪੈਂਡਿੰਗ ਹੈ ਜਾਂ ਗੈਰਹਾਜਰੀ ਸਮਾਂ ਰੈਗੂਲਰਾਈਜ਼ ਨਹੀਂ ਹੋਇਆ, ਜਾਂ ਕੋਈ ਕੋਰਟ ਕੇਸ, ਜਾਂ ਕੋਈ ਕਰਿਮਨਲ ਪ੍ਰੋਸੀਡੀਗਜ਼, ਜਾਂ ਸਸਪੈਨਸਨ ਅਤੇ ਭਾਰੀ ਰਕਮ ਉਗਰਾਹੁਣੀ ਰਹਿੰਦੀ ਹੋ ਨੂੰ ਪੀ ਪੀ ਓ ਜੀ ਪੀ ਓ ਆਦਿ ਜਾਰੀ ਨਹੀਂ ਕੀਤੇ ਜਾ ਸਕਦੇ ਹਨ।

ਉਪਰੋਕਤ ਅਨੁਸਾਰ ਹਦਾਇਤਾ ਦੀ ਪਾਲਣਾ ਕਰਦੇ ਹੋਏ ਰਿਟਾਇਰ ਹੋਣ ਵਾਲੇ ਅਧਿਕਾਰੀਆ ਅਤੇ ਕਰਮਚਾਰੀਆਂ ਦੇ ਕੇਸ ਸਕੱਤਰ ਪੈਨਸ਼ਨ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਕੇ ਉਹਨਾਂ ਨੂੰ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਉਹਨਾਂ ਦੀ ਰਿਟਾਇਰਮੇਂਟ ਵਾਲੇ ਦਿਨ ਜਾਂ ਉਸ ਤੋਂ ਪਹਿਲਾਂ ਕੀਤੀ ਜਾ ਸਕੇ।

ਪੈਨਸ਼ਨ ਫਾਰਮ ਸਕੱਤਰ ਪੈਨਸ਼ਨ ਦੇ ਦਫਤਰ ਵਿੱਚ ਉਪੱਲਬਧ ਹਨ। ਇਹ ਫਾਰਮ ਆਪਣੇ ਦਫਤਰ ਦੀ ਜਰੂਰਤ ਅਨੁਸਾਰ ਇੱਕਠੇ ਭੀ ਮੰਗਵਾਏ ਜਾ ਸਕਦੇ ਹਨ ਅਤੇ ਪੈਨਸ਼ਨਰ ਆਪਣੀ ਸੁਵਿੱਧਾ ਅਨੁਸਾਰ ਇੱਕ ਇੱਕ ਕਰਕੇ ਭੀ ਹਾਸਲ ਕਰ ਸਕਦੇ ਹਨ।

ਇਹ ਹਦਾਇਤਾਂ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾ ਰਹੀਆਂ ਹਨ।

7/7/06

(ਹਰਦੀਪ ਸਿੰਘ)

ਉਪੱ ਮੁੱਖ ਲੇਖਾ ਅਫਸਰ/ਪੈਨਸ਼ਨ ਅਤੇ ਫੰਡਜ
ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ

## ਪੰਜਾਬ ਰਾਜ ਬਿਜਲੀ ਬੋਰਡ
### ਦਫਤਰ ਮੁੱਖ ਲੇਖਾ ਅਫਸਰ ਪੈਨਸ਼ਨ ਆਡਿਟ ਭਾਗ

ਵੱਲ

1. ਸਾਰੇ ਇੰਜੀਨੀਅਰ- ਇਨ ਚੀਫ/ਜਨਰਲ ਮੈਨੇਜਰ/ਮੁੱਖ ਇੰਜੀਨੀਅਰ ।
2. ਸਾਰੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਸਾਰੇ ਡਾਇਰੈਕਟਰਜ਼/ਡਿਪਟੀ ਡਾਇਰੈਕਟਰਜ਼ ।
3. ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀਨੀਅਰ ਕਾਰਜਕਾਰੀ ਇੰਜੀਨੀਅਰ/ਆਰ. ਈਜ਼ :
4. ਸਾਰੇ ਮੁੱਖ ਲੇਖਾ ਅਫਸਰ/ਮੁੱਖ ਪੜਤਾਲਕਾਰ/ਵਿੱਤ ਸਲਾਹਕਾਰ/ਉਪ ਮੁੱਖ ਲੇਖਾ ਅਫਸਰ/ਉਪ ਮੁੱਖ ਪੜਤਾਲਕਾਰ ਅਤੇ ਲੇਖਾ ਅਫਸਰ ਫੀਲਡਜ਼/ ਸਾਰੇ ਲੇਖਾ ਅਫਸਰ ਪ੍ਰਿਆਡਿਟ ।
5. ਸਾਰੇ ਜਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ/ਨਿੱਜੀ ਸਕੱਤਰ
6. ਸਾਰੇ ਹੈਡ ਆਫ ਦੀ ਸੈਕਸ਼ਨਜ਼ (H.O) ਅਤੇ ਸੁਪਰਡੈਂਟ ਮੰਡਲ ਲੇਖਾ (ਫੀਲਡ)

ਪੱਤਰ ਨੰ: 7730/9430/ਪੈਨਸ਼ਨ ਆਡਿਟ/ਲੂਜ਼ ਮਿਤੀ 5-9-06

ਵਿਸ਼ਾ : ਪੈਨਸ਼ਨਰ/ਪਰਿਵਾਰਿਕ ਪੈਨਸ਼ਨਰ ਦੇ ਸੇਵਾ ਰਿਕਾਰਡ/ਸਰਵਿਸ ਬੁੱਕ ਅਤੇ ਪੀ ਪੀ ਓਜ਼ (PPO'S) ਦੇ ਰੱਖ ਰੱਖਾਓ ਸਬੰਧੀ ।

ਇਕ ਲੰਮੇਂ ਸਮੇਂ ਦੇ ਤਜ਼ੁਰਬੇ ਅਤੇ ਹਰ ਰੋਜ਼ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਰੱਥ ਅਧਿਕਾਰੀ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਪੈਨਸ਼ਨਰਜ਼ ਦਾ ਸੇਵਾ ਰਿਕਾਰਡ/ਸਰਵਿਸ ਬੁੱਕ ਅਤੇ ਪੀ ਪੀ ਓਜ਼ (PPO'S) ਦੇ ਰੱਖ ਰਖਾਓ ਦਾ ਕੰਮ ਹੇਠ ਲਿਖੇ ਅਨੁਸਾਰ ਕੀਤਾ ਜਾਵੇ :-

1 ਰਿਟਾਇਰੀਜ਼ ਦੇ ਸਰਵਿਸ ਰਿਕਾਰਡ/ਸਰਵਿਸ ਬੁੱਕ ਦੀ ਸਾਂਭ ਸੰਭਾਲ :-

ਇਸ ਸਮੇਂ ਹਰ ਰਿਟਾਇਰੀ ਦਾ ਸਰਵਿਸ ਰਿਕਾਰਡ/ਸਰਵਿਸ ਬੁੱਕ ਲੇਖਾ ਅਫਸਰ ਪੈਨਸ਼ਨ ਆਡਿਟ ਭਾਗ ਦੇ ਦਫਤਰ ਵਿੱਚ ਰਿਟਾਇਰੀ ਦੀ ਪੈਨਸ਼ਨ ਫਾਈਲ ਦੇ ਨਾਲ ਸੰਭਾਲ ਕੇ ਰੱਖਿਆ ਜਾਂਦਾ ਹੈ । ਭਵਿੱਖ ਵਿੱਚ ਗਰੈਚੂਟੀ ਆਰਡਰ ਭੇਜਦੇ ਸਮੇਂ ਉਸ ਰਿਟਾਇਰੀ ਦਾ ਸਰਵਿਸ ਰਿਕਾਰਡ/ਸਰਵਿਸ ਬੁੱਕ ਉਸ ਡੀ ਡੀ ਓ ਨੂੰ ਵਾਪਿਸ ਕਰ ਦਿਤਾ ਜਾਵੇਗਾ ਜਿਸ ਪਾਸੋਂ ਉਸ ਰਿਟਾਇਰੀ ਦੇ ਪੈਨਸ਼ਨ ਪੇਪਰ ਪ੍ਰਾਪਤ ਹੋਏ ਹਨ ਨਾਲ ਹੀ ਜਿਸ ਨੇ ਉਸ ਨੂੰ ਗਰੈਚੂਟੀ ਦੀ ਅਦਾਇਗੀ ਕਰਨੀ ਹੈ । ਉਹ ਅਧਿਕਾਰੀ ਲੋੜੀਂਦੇ ਇੰਦਰਾਜ ਕਰਨ ਉਪਰੰਤ, ਜੇਕਰ ਰਿਟਾਇਰੀ ਉਸ ਪਾਸੋਂ ਪੈਨਸ਼ਨ ਹਾਸਿਲ ਕਰ ਰਿਹਾ ਹੈ ਤਾਂ ਇਹ ਸਰਵਿਸ ਰਿਕਾਰਡ/ਸਰਵਿਸ ਬੁੱਕ ਆਪਣੇ ਪਾਸ ਪੀ ਪੀ ਓ ਦੇ ਨਾਲ ਸੁਰੱਖਿਅਤ ਰੱਖ ਲਵੇਗਾ ਅਤੇ ਜੇਕਰ ਰਿਟਾਇਰੀ ਕਿਸੇ ਹੋਰ ਡੀ ਡੀ ਓ ਪਾਸੋਂ ਪੈਨਸ਼ਨ ਹਾਸਿਲ ਕਰਦਾ ਹੈ ਤਾਂ ਰਿਟਾਇਰੀ ਦਾ ਸਰਵਿਸ ਰਿਕਾਰਡ/ਸਰਵਿਸ ਬੁੱਕ ਪੈਨਸ਼ਨ ਦੀ ਅਦਾਇਗੀ ਕਰਨ ਵਾਲੇ ਡੀ.ਡੀ. ਓ. ਨੂੰ ਪੀ ਪੀ ਓ ਦੇ ਨਾਲ ਸੁਰਖਿਅਤ ਰੱਖਣ ਲਈ ਭੇਜ ਦੇਵੇਗਾ । ਜਿਹੜੇ ਪੈਨਸ਼ਨਰ ਦਾ ਸਰਵਿਸ ਰਿਕਾਰਡ/ਸਰਵਿਸ ਬੁੱਕ ਇਸ ਸਮੇਂ ਪੈਨਸ਼ਨ ਆਡਿਟ ਦਫਤਰ ਵਿੱਚ ਰਖਿਆ ਹੋਇਆ ਹੈ ਉਹ ਸਬੰਧਤ ਪੈਨਸ਼ਨਰ ਨੂੰ ਪੈਨਸ਼ਨ ਦੇਣ ਵਾਲੇ ਡੀ. ਡੀ. ਓ. ਪਾਸ ਸੰਭਾਲ ਕੇ ਰੱਖਣ ਲਈ ਤੁਰੰਤ ਭੇਜਿਆ ਜਾ ਰਿਹਾ ਹੈ ।

ਜਿਸ ਸਮੇਂ ਵੀ ਪੈਨਸ਼ਨਰ ਦੀ ਮੂਲ ਪੈਨਸ਼ਨ ਵਿੱਚ ਕੋਈ ਤਬਦੀਲੀ ਹੋਣੀ ਹੋਵੇਗੀ ਤਾਂ ਉਹ ਡੀ. ਡੀ. ਓ. ਜਿਸ ਪਾਸੋਂ ਪੈਨਸ਼ਨਰ ਪੈਨਸ਼ਨ ਲੈ ਰਿਹਾ ਹੈ, ਕਲੇਮ ਦੀ ਪੁਸ਼ਟੀ ਸਮੇਤ, ਰਿਟਾਇਰੀ ਦੇ ਬਿਨੈ ਪੱਤਰ ਨਾਲ ਇਸ ਦਫਤਰ ਨੂੰ ਸਰਵਿਸ ਰਿਕਾਰਡ/ਸਰਵਿਸ ਬੁੱਕ ਰਿਕਾਰਡ ਵੀ ਘੋਖ ਕਰਨ ਹਿੱਤ ਭੇਜੇਗਾ ।



PTO

ਪੈਨਸ਼ਨ ਆਡਿਟ ਭਾਗ ਦਫਤਰ ਉਚਿੱਤ ਕਾਰਵਾਈ ਕਰਣ ਉਪਰੰਤ ਸਰਵਿਸ ਰਿਕਾਰਡ/ਸਰਵਿਸ ਬੁੱਕ ਉਪਰ ਲਿਖੇ ਫੈਸਲੇ ਅਨੁਸਾਰ ਸਬੰਧਤ ਡੀ. ਡੀ. ਓ. ਨੂੰ ਵਾਪਿਸ ਭੇਜ਼ ਦੇਵੇਗਾ । ਜਿਸ ਸਮੇਂ ਤੱਕ ਪੈਨਸ਼ਨਰ ਜਾਂ ਉਸ ਦੇ ਪਰਿਵਾਰ ਨੂੰ ਪੈਨਸ਼ਨ ਮਿਲਦੀ ਹੈ ਹਰ ਰਿਟਾਇਰੀ ਦਾ ਸੇਵਾ ਰਿਕਾਰਡ/ਸਰਵਿਸ ਬੁੱਕ ਉਸ ਦੇ ਪੈਨਸ਼ਨ ਅਦਾ ਕਰ ਰਹੇ ਸਬੰਧਤ ਡੀ ਡੀ ਓ ਦੇ ਦਫਤਰ ਵਿੱਚ ਹੀ ਪੀ ਪੀ ਓ ਦੇ ਨਾਲ ਸੰਭਾਲ ਕੇ ਰੱਖਿਆ ਜਾਵੇਗਾ ।

2 ਜਿਹੜੇ ਪੀ ਪੀ ਓਜ਼ ਵਿਰੁੱਧ ਕੋਈ ਪੈਨਸ਼ਨ ਅਦਾਇਗੀ ਨਹੀਂ ਹੋ ਰਹੀ ਉਹਨਾਂ ਦਾ ਸਰਵਿਸ ਰਿਕਾਰਡ/ਸਰਵਿਸ ਬੁੱਕ ਇਸ ਦਫਤਰ ਨੂੰ ਵਾਪਿਸ ਕੀਤਾ ਜਾਣਾ :-

ਇਹ ਵੇਖਣ ਵਿੱਚ ਆਇਆ ਹੈ ਕਿ ਉਹ ਪੀ. ਪੀ. ਓ. (PPO's) ਇਸ ਦਫਤਰ ਵਿੱਚ ਵਾਪਿਸ ਪ੍ਰਾਪਤ ਨਹੀਂ ਹੋ ਰਹੇ ਜਿਹਨਾਂ ਵਿਰੁੱਧ ਅਦਾਇਗੀਆਂ ਬੰਦ ਹੋ ਚੁਕੀਆਂ ਹਨ । ਇਸ ਪੱਤਰ ਰਾਹੀਂ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਪੈਨਸ਼ਨਰਜ਼/ਪਰਿਵਾਰਿਕ ਪੈਨਸ਼ਨਰਜ਼ ਦੀ ਮੌਤ ਹੋ ਚੁੱਕੀ ਹੈ ਅਤੇ ਉਹਨਾਂ ਦਾ ਕੋਈ ਵਾਰਿਸ ਪੈਨਸ਼ਨ ਨਹੀਂ ਲੈ ਰਿਹਾ ਅਤੇ ਉਹਨਾਂ ਦੀਆਂ ਪੈਨਸ਼ਨ ਅਦਾਇਗੀਆਂ ਬੰਦ ਹੋ ਚੁੱਕੀਆਂ ਹਨ ਅਜਿਹੇ ਪੀ ਪੀ ਓ ਸਮੇਤ ਸਰਵਿਸ ਰਿਕਾਰਡ/ਸਰਵਿਸ ਬੁੱਕ ਇਸ ਦਫਤਰ ਨੂੰ ਅੰਤਿਮ ਅਦਾਇਗੀ ਕੀਤੀ ਦਾ ਵੇਰਵਾ ਦੇ ਕੇ ਤੁਰੰਤ ਵਾਪਿਸ ਕੀਤੇ ਜਾਣ ਤਾਂ ਜੋ ਉਹਨਾਂ ਨੂੰ ਹਮੇਸ਼ਾਂ ਲਈ ਬੰਦ ਕਰਕੇ ਸੈਂਟਰਲ ਰਿਕਾਰਡ ਵਿੱਚ ਸੁਰਖਿਅਤ ਰਖਿਆ ਜਾ ਸਕੇ ।

ਉਪਰੋਕਤ ਲਿਖਿਆ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

5/5/06

(ਹਰਦੀਪ ਸਿੰਘ)
ਉਪ ਮੁੱਖ ਲੇਖਾ ਅਫਸਰ ਪੈਨਸ਼ਨ ਅਤੇ ਫੰਡਜ,
ਵਾਸਤੇ ਮੁਖ ਲੇਖਾ ਅਫਸਰ , ਪੀ ਐਸ ਈ ਬੀ, ਪਟਿਆਲਾ ।